# ਬਾਲ ਸਿੱਖਿਆ

# (ਸਾਖੀਆਂ)

## ਭਾਗ - 3

ਉਮਰ 12 ਤੋਂ 14 ਸਾਲ

ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ।

www.sribhainisahib.com



ਪ੍ਰਕਾਸ਼ਕ

ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ।

www.sribhainisahib.com

# ਤਤਕਰਾ

ਮਾਤਾ ਭੁਪਿੰਦਰ ਕੌਰ ਜੀ........................................................4
ਸ਼ੁੱਧ ਪਾਠ ਦੀ ਮਹਾਨਤਾ........................................................6
ਭਗਵਾਨ ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ ........................................8
ਅਕਾਲ ਪੀੜਤਾਂ ਦੀ ਮਦਦ ....................................................10
ਇਕਾਗਰਤਾ..............................................................12
ਪੰਜ ਪਿਆਰਿਆਂ ਦੀ ਸਾਜਨਾ..................................................14
ਪ੍ਰੇਮਾ ਕੋੜ੍ਹੀ.............................................................16
ਭਾਈ ਮੰਝ ................................................................19
ਮਾਤਾ ਜੀਵਨ ਕੌਰ ਜੀ ......................................................22
ਪਹਿਲਵਾਨ ਫਤਹਿ ਸਿੰਘ.....................................................25
ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਮਾਂ ਪ੍ਰਬੰਧਨ ...........................28
ਭਾਈ ਕਨ੍ਹਈਆ ਜੀ .........................................................30
ਭਾਈ ਮੀਂਹ...............................................................35
ਧੀਰਜ ਕਰਨਾ.............................................................38
ਗੁਰੂ ਹਰੀ ਸਿੰਘ ਜੀ ਦਾ ਨਿੱਤ-ਕਰਮ। ......................................39
ਬਾਬਾ ਬੰਦਾ ਬਹਾਦਰ .......................................................46
ਜਗਤ ਮਾਤਾ ਚੰਦ ਕੌਰ .....................................................53

# ਮਾਤਾ ਭੁਪਿੰਦਰ ਕੌਰ ਜੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ 'ਤੇ ਗਏ ਹੋਏ ਸਨ ।ਪਿੱਛੇ ਮਾਤਾ ਭੁਪਿੰਦਰ ਕੌਰ ਜੀ ਡੇਰੇ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ । ਸਤਿਗੁਰੂ ਜੀ ਦੇ ਉੱਥੇ ਨਾ ਹੋਣ ਕਰਕੇ ਲੰਗਰ ਵਿੱਚ ਰਸਤਾਂ ਦੀ ਕਮੀ ਆ ਗਈ ਸੀ । ਲੰਗਰ ਹੌਲੀ-ਹੌਲੀ ਮਸਤਾਨਾ ਹੁੰਦਾ ਜਾ ਰਿਹਾ ਸੀ । ਬਾਬੇ ਜੋਤਾ ਸਿੰਘ ਅਤੇ ਸੰਤ ਮੋਹਣ ਸਿੰਘ ਜੀ ਨੇ ਮਾਤਾ ਜੀ ਦੇ ਚਰਨਾਂ ਵਿੱਚ ਜਾ ਕੇ ਅਰਜ਼ ਕੀਤੀ, “ਮਾਤਾ ਜੀ! ਲੰਗਰ ਕਈ ਦਿਨਾਂ ਤੋ ਮਸਤਾਨਾ ਚਲ ਰਿਹਾ ਹੈ ।ਮਾਤਾ ਜੀ ਨੇ ਅਰਜ਼ ਸੁਣੀ ਤੇ ਮੁਸਕਰਾ ਕੇ ਬਚਨ ਕੀਤਾ- ਮੇਰੇ ਕੋਲ ਇਹ ਮੁੰਦਰੀ ਹੈ ਤੇ ਏਹ ਤੁਸੀਂ ਲੈ ਜਾਓ। ਇਹਨੂੰ ਵੇਚਕੇ ਲੰਗਰ ਲਈ ਰਸਤਾਂ ਲੈ ਆਓ।”



ਸੰਤ ਮੋਹਣ ਸਿੰਘ ਜੀ ਨੇ ਅਰਜ਼ ਕੀਤੀ ਕਿ “ਮਾਤਾ ਜੀ! ਮੁੰਦਰੀ ਹੱਥੋਂ ਲਾਹੁਣੀ ਠੀਕ ਨਹੀਂ, ਆਪ ਜੀ ਕਿਸੇ ਹੋਰ ਢੰਗ ਨਾਲ ਮਾਇਆ ਦੀ ਕਿਰਪਾ ਕਰੋ”। ਮਾਤਾ ਜੀ ਨੇ ਕਿਹਾ, “ਇਹ ਮੁੰਦਰੀ ਜੇ ਸਾਧਾਂ ਸੰਤਾਂ ਦੇ ਲੇਖੇ ਲੱਗ ਜਾਵੇ ਤਾਂ ਇਸ ਤੋਂ ਹੋਰ ਚੰਗੀ ਵਰਤੋਂ ਇਸ ਦੀ ਕੀ ਹੋ ਸਕਦੀ ਹੈ? ਤੁਸੀਂ ਮੁੰਦਰੀ ਲੈ ਜਾਓ ਤੇ ਕਿਸੇ ਸੁਨਿਆਰੇ ਨੂੰ ਵੇਚ ਕੇ ਰਸਤਾਂ ਮੰਗਵਾ ਲਉ।”

ਇਸ ਤਰ੍ਹਾਂ ਕਹਿ ਕੇ ਮਾਤਾ ਜੀ ਨੇ ਮੁੰਦਰੀ ਸੰਤਾਂ ਦੀ ਝੋਲੀ ਵਿੱਚ ਸੁੱਟ ਦਿੱਤੀ ਤੇ ਸੰਤ ਖੁਸ਼ੀਆਂ ਦੇ ਨਾਲ ਲਹਿਰਾਉਂਦੇ ਹੋਏ ਲੰਗਰ ਵਿੱਚ ਆ ਗਏ ।

ਮੁੰਦਰੀ ਵੇਚ ਕੇ ਰਸਤ ਮੰਗਵਾ ਲਈ ਗਈ ਅਤੇ 15 ਕੁ ਦਿਨਾਂ ਵਾਸਤੇ ਰਸਤ ਵੱਲੋਂ ਬੇਫ਼ਿਕਰੀ ਹੋ ਗਈ । ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਦੌਰੇ ਤੋਂ ਵਾਪਿਸ ਆਏ ਤਾਂ ਆਪ ਜੀ ਨੂੰ ਮਾਤਾ ਭੁਪਿੰਦਰ ਕੌਰ ਜੀ ਦੇ ਮੁੰਦਰੀ ਦੇਣ ਬਾਰੇ ਪਤਾ ਲੱਗਾ ਤਾਂ ਆਪ ਜੀ ਬਹੁਤ ਪ੍ਰਸੰਨ ਹੋਏ ਅਤੇ ਮਾਤਾ ਜੀ ਨੂੰ ਖੁਸ਼ੀਆਂ ਬਖ਼ਸ਼ੀਆਂ ।

# ਸ਼ੁੱਧ ਪਾਠ ਦੀ ਮਹਾਨਤਾ

ਛੇਵੀਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ। ਅੱਜ ਜਪੁਜੀ ਸਾਹਿਬ ਦਾ ਪਾਠ ਸੁਣਨ ਨੂੰ ਜੀਅ ਕੀਤਾ। ਸਾਧ ਸੰਗਤ ਨੂੰ ਕਹਿਣ ਲੱਗੇ, "ਕੋਈ ਸਿੱਖ ਸ਼ੁੱਧ ਜਪੁਜੀ ਸਾਹਿਬ ਦਾ ਪਾਠ ਸੁਣਾਵੇ।"



ਸੰਗਤ ਵਿਚੋਂ ਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਗੋਪਾਲਾ ਨਾਮ ਦਾ ਇੱਕ ਸਿੱਖ ਸਾਹਮਣੇ ਆ ਖੜ੍ਹਾ ਹੋਇਆ।

ਸਤਿਗੁਰੂ ਜੀ ਨੇ ਆਪਣੇ ਸਾਹਮਣੇ ਆਸਣ ਤੇ ਸਿੱਖ ਨੂੰ ਬਿਠਾ ਕੇ ਪਾਠ ਆਰੰਭ ਕਰਵਾਇਆ । ਇਹ ਸਿੱਖ ਬੜੇ ਪ੍ਰੇਮ ਨਾਲ, ਸੁੰਦਰ ਲੈਅ ਵਿਚ ਪਾਠ ਕਰ ਰਿਹਾ ਸੀ । ਸਤਿਗੁਰੂ ਜੀ ਅਤੇ ਸਾਰੀ ਸੰਗਤ ਪਾਠ ਸੁਣਕੇ ਪ੍ਰਸੰਨ ਹੋ ਰਹੇ ਸਨ। ਗੁਰੂ ਹਰਿ ਗੋਬਿੰਦ ਜੀ ਆਪਣੇ ਮਨ ਵਿਚ ਵਿਚਾਰ ਕਰਨ ਲੱਗੇ, ਇਸ ਸਿੱਖ ਨੂੰ ਸਭ ਤੋਂ ਉੱਤਮ ਪੁਰਸਕਾਰ ਦੇਣਾ ਚਾਹੀਦਾ ਹੈ ।

ਸੋਚਦੇ-ਸੋਚਦੇ ਇਹ ਨਿਰਣਾ ਕੀਤਾ ਕਿ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਖਸ਼ੀ ਹੋਈ ਗੁਰਗੱਦੀ ਦੇ ਦਿੱਤੀ ਜਾਵੇ । ਹੌਲੀ-ਹੌਲੀ ਆਸਣ ਛਡੱਣ ਦੀ ਤਿਆਰੀ ਕਰਨ ਲੱਗੇ ।


ਓਧਰ ਸਿੱਖ ਦੇ ਮਨ ਵਿਚ ਵੀ ਪ੍ਰਸੰਨਤਾ ਵਧਦੀ ਜਾ ਰਹੀ ਸੀ, ਕਿ ਅੱਜ ਮੈਨੂੰ ਕੋਈ ਵਧੀਆ ਇਨਾਮ ਮਿਲੇਗਾ । ਸਾਹਮਣੇ, ਸਤਿਗੁਰੂ ਜੀ ਦੇ ਘੋੜੇ ਬੱਧੇ ਹੋਏ ਸਨ । ਸਿੱਖ ਦੇ ਮਨ ਵਿੱਚ ਆਇਆ ਕਿ ਜੇ ਇੱਕ ਘੋੜਾ ਮਿਲ ਜਾਵੇ ਤਾਂ ਬਹੁਤ ਆਨੰਦ ਆ ਜਾਵੇਗਾ ।

ਸਤਿਗੁਰੂ ਜੀ, ਜੋ ਆਪਣਾ ਆਸਣ ਛੱਡ ਰਹੇ ਸਨ, ਫਿਰ ਆਸਣ ਤੇ ਬੈਠ ਗਏ ਕਿ ਸਿੱਖ ਨੇ ਆਪਣੇ ਮਨ ਪਸੰਦ ਦੀ ਚੀਜ਼ ਆਪ ਹੀ ਮੰਗ ਲਈ ਹੈ ।

ਪਾਠ ਸਮਾਪਤ ਹੁੰਦਿਆਂ ਹੀ ਸਿੱਖ ਨੂੰ ਇੱਕ ਘੋੜਾ ਇਨਾਮ ਵਜੋਂ ਦੇ ਦਿੱਤਾ। ਹੁਕਮ ਕੀਤਾ “ਤੇਰਾ ਪਿਆਰ ਭਰਿਆ ਸ਼ੁਧ ਪਾਠ ਸੁਣਕੇ ਮੈਂ ਤਾਂ ਗੁਰਗੱਦੀ ਦੇਣ ਨੂੰ ਤਿਆਰ ਸੀ।”

# ਭਗਵਾਨ ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ

ਸ਼੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ ਸੰਦੀਪਨ ਰਿਸ਼ੀ ਦੇ ਆਸ਼ਰਮ ਵਿੱਚ ਇੱਕਠੇ ਪੜਾਈ ਕਰਦੇ ਸੀ ।ਪੜ੍ਹਾਈ ਉਪਰੰਤ ਕ੍ਰਿਸ਼ਨ ਜੀ ਦੁਆਰਕਾ ਦੇ ਰਾਜਾ ਬਣੇ ਅਤੇ ਸੁਦਾਮਾ ਆਪਣੇ ਘਰ ਰਹਿੰਦਿਆਂ ਗਰੀਬੀ ਵਿਚ ਦਿਨ ਕੱਟਣ ਲੱਗਾ। ਸੁਦਾਮੇ ਦੇ ਕਈ ਬੱਚੇ ਸਨ । ਉਹ ਬਹੁਤ ਮੁਸ਼ਕਿਲ ਨਾਲ ਘਰ ਦਾ ਗੁਜ਼ਾਰਾ ਕਰਦਾ।



ਉਸ ਦੀ ਪਤਨੀ ਤੋਂ ਇਹ ਸਭ ਨਹੀਂ ਦੇਖਿਆ ਗਿਆ। ਉਹ ਜਾਣਦੀ ਸੀ ਕਿ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦਾ ਬਚਪਨ ਦਾ ਮਿੱਤਰ ਹੈ। ਉਸਨੇ ਆਪਣੇ ਪਤੀ ਸੁਦਾਮੇ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮਿੱਤਰ ਨੂੰ ਮਿਲਣ ਜਾਵੇ ਅਤੇ ਮਦਦ ਮੰਗੇ।

ਸੁਦਾਮਾ ਆਪਣੇ ਮਿੱਤਰ ਨੂੰ ਮਿਲਣਾ ਤੇ ਚਾਹੁੰਦਾ ਸੀ ਪਰ ਮਦਦ ਲਈ ਨਹੀਂ, ਸਿਰਫ਼ ਆਪਣੀ ਮਿੱਤਰਤਾ ਦਾ ਆਨੰਦ ਲੈਣ ਲਈ । ਉਹ ਆਪਣੀ ਪੋਟਲੀ ਵਿੱਚ ਥੋੜ੍ਹੇ ਜਿਹੇ ਚੌਲ ਲੈ ਕੇ ਤੁਰ ਪਿਆ ।

ਸ਼੍ਰੀ ਕ੍ਰਿਸ਼ਨ ਜੀ ਨੂੰ ਪਤਾ ਲੱਗਾ ਕਿ ਸੁਦਾਮਾ ਆਇਆ ਹੈ ਤੇ ਉਹ ਦੌੜ ਕੇ ਦਰਵਾਜ਼ੇ 'ਤੇ ਪਹੁੰਚੇ ਅਤੇ ਸੁਦਾਮੇ ਦਾ ਸੁਆਗਤ ਕੀਤਾ । ਉਸਨੂੰ ਆਪਣੇ ਗਲੇ ਲਗਾਇਆ ਅਤੇ ਉਸ ਦੀ ਬਹੁਤ ਸੇਵਾ ਕੀਤੀ । ਸੁਦਾਮਾ ਬਹੁਤ ਹੀ ਸ਼ਰਮਿੰਦਾ ਹੋ ਗਿਆ ਜਦੋਂ ਭਗਵਾਨ ਕ੍ਰਿਸ਼ਨ ਨੇ ਉਸਨੂੰ ਪੁੱਛਿਆ "ਮੇਰੇ ਲਈ ਕੀ ਲੈ ਕੇ ਆਇਆ ਹੈਂ?" ਭਗਵਾਨ ਕ੍ਰਿਸ਼ਨ ਜੀ ਨੇ ਚੌਲਾਂ ਦੀ ਪੋਟਲੀ ਵਿੱਚੋਂ 3 ਮੁੱਠੀ ਚੌਲ ਖਾਧੇ ਅਤੇ ਸੁਦਾਮੇ ਦੇ ਪਰਿਵਾਰ 'ਤੇ ਕਿਰਪਾ ਕੀਤੀ ਅਤੇ ਉਸਦੀ ਗਰੀਬੀ ਦੂਰ ਕਰ ਦਿੱਤੀ। ਸੁਦਾਮਾ ਕੁਝ ਦਿਨ ਆਪਣੇ ਮਿੱਤਰ ਕੋਲ ਰਹਿ ਕੇ ਵਾਪਸ ਘਰ ਆ ਗਿਆ ।ਵਾਪਸ ਆ ਕੇ ਸੁਦਾਮਾ ਹੈਰਾਨ ਰਹਿ ਗਿਆ ਜਦੋਂ ਉਸਨੇ ਦੇਖਿਆ ਕਿ ਝੌਂਪੜੀ ਦੀ ਥਾਂ ਮਹੱਲ ਸੀ ਅਤੇ ਉਸ ਮਹੱਲ ਵਿੱਚ ਬਹੁਤ ਨੌਕਰ ਕੰਮ ਕਰ ਰਹੇ ਸਨ। ਬੱਚਿਆਂ ਅਤੇ ਉਸਦੀ ਪਤਨੀ ਨੇ ਬਹੁਤ ਵਧੀਆ ਕੱਪੜੇ ਪਾਏ ਹੋਏ ਸਨ। ਉਸਦੀ ਪਤਨੀ ਨੇ ਦੱਸਿਆ ਕਿ ਇਹ ਕਿਰਪਾ ਉਸਦੇ ਮਿੱਤਰ ਸ਼੍ਰੀ ਕ੍ਰਿਸ਼ਨ ਜੀ ਨੇ ਕੀਤੀ ਹੈ । ਅਸਲੀ ਮਿੱਤਰਤਾ ਤਾਂ ਇਹ ਹੀ ਹੈ, ਕਿ ਤੁਸੀਂ ਆਪਣੇ ਮਿੱਤਰ ਦੇ ਔਖੇ ਸਮੇਂ ਵੀ ਕੰਮ ਆਉ ।

# ਅਕਾਲ ਪੀੜਤਾਂ ਦੀ ਮਦਦ

ਇਹ ਗੱਲ ਹੈ, ਸੰਨ 1899 ਈ. ਦੀ ਜਦੋਂ ਭਾਰਤ ਉੱਤੇ ਬ੍ਰਿਟਿਸ਼ ਸਰਕਾਰ ਦਾ ਰਾਜ ਸੀ, ਅਤੇ ਇਹਨਾਂ ਦੀਆਂ ਗਲਤ ਨੀਤੀਆਂ ਕਾਰਨ, ਪੰਜਾਬ ਅਤੇ ਬੀਕਾਨੇਰ ਰਾਜਸਥਾਨ ਦੇ ਕਈ ਇਲਾਕਿਆਂ ਵਿੱਚ ਬੜਾ ਭਿਆਨਕ ਅਕਾਲ ਪੈ ਗਿਆ।

ਉੱਤੋਂ ਲੰਮਾ ਸਮਾਂ ਬਾਰਿਸ਼ ਨਾ ਹੋਣ ਕਰਕੇ ਅਨਾਜ ਦੀ ਕਮੀ ਹੋ ਗਈ ਤੇ ਲੋਕ ਭੁੱਖੇ ਮਰਨ ਲੱਗੇ । ਪੰਜਾਬ ਦੇ ਪੂਰਬ-ਦੱਖਣ ਇਲਾਕਿਆਂ ਵਿੱਚ ਲੋਕਾਂ ਕੋਲ ਖਾਣ ਲਈ ਕੁਝ ਵੀ ਨਹੀਂ ਸੀ ਬਚਿਆ, ਕੁਝ ਇਲਾਕਿਆਂ ਵਿੱਚ ਤੇ ਲੋਕ ਰੁੱਖਾਂ ਦੇ ਪੱਤੇ ਖਾ ਕੇ ਆਪਣਾ ਗੁਜ਼ਾਰਾ ਕਰਨ ਲਈ ਮਜਬੂਰ ਹੋ ਗਏ । ਅਕਾਲ ਦੇ ਅਸਰ ਕਾਰਨ ਲੋਕ ਭੁੱਖੇ ਮਰਨ ਲੱਗੇ। ਹਰ ਪਾਸੇ ਤਰਾਹੀ ਤਰਾਹੀ ਮੱਚ ਗਈ।



ਇਹੋ ਜਿਹੇ ਭਿਆਨਕ ਸਮੇਂ ਵਿੱਚ ਇੱਕ ਉਮੀਦ ਦੀ ਕਿਰਨ ਜਾਗੀ, ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਸਤਿਗੁਰੂ ਹਰੀ ਸਿੰਘ ਜੀ ਸਦਾ ਵਰਤ ਲੰਗਰ

ਚਲਾ ਰਹੇ ਸੀ । ਜਦੋ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਇਹ ਗੱਲ ਅੱਗ ਵਾਂਗ ਫੈਲ ਗਈ, ਸਾਰਿਆਂ ਦੇ ਮਨ ਵਿੱਚ ਇੱਕ ਆਸ ਦੀ ਕਿਰਨ ਜਾਗੀ ਗਈ ਅਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਆਪਣੇ ਪਸ਼ੂਆਂ ਸਮੇਤ ਭੈਣੀ ਸਾਹਿਬ ਵੱਲ ਨੂੰ ਚੱਲ ਪਏ ।

ਸਤਿਗੁਰੂ ਹਰੀ ਸਿੰਘ ਜੀ ਬਹੁਤ ਹੀ ਵੱਡੇ ਅਤੇ ਖੁੱਲੇ ਦਿਲ ਨਾਲ ਸਭ ਨੂੰ ਲੰਗਰ ਛਕਾਇਆ ਅਤੇ ਉਹਨਾਂ ਦੇ ਪਸ਼ੂਆਂ ਦਾ ਵੀ ਪੇਟ ਭਰਿਆ। ਹਰ ਰੋਜ਼ ਲਗਭਗ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆ ਕੇ ਲੰਗਰ ਛਕਦੇ ਰਹੇ। ਇਹ ਅਕਾਲ ਪੀੜਤਾਂ ਵਾਸਤੇ ਇਕ ਬਹੁਤ ਵੱਡੀ ਮੱਦਦ ਸੀ ਅਤੇ ਲੰਗਰ ਵੀ ਸਦਾ ਵਰਤ, ਜੋ ਬਿਨਾਂ ਕਿਸੇ ਰੁਕਾਵਟ ਤੋਂ ਸਤਿਗੁਰੂ ਜੀ ਦੀ ਕਿਰਪਾ ਨਾਲ ਚੱਲਦਾ ਰਿਹਾ।

ਇਸ ਅਲੌਕਿਕ ਚਮਤਕਾਰ ਨੂੰ ਦੇਖ ਕੇ ਬ੍ਰਿਟਿਸ਼ ਸਰਕਾਰ ਅਤੇ ਹੋਰ ਲੋਕ ਵੀ ਬਹੁਤ ਹੈਰਾਨ ਸਨ, ਕਿਉਂਕਿ ਇਹ ਉਹਨਾਂ ਲੋਕਾਂ ਦੀ ਸਮਝ ਤੋਂ ਪਰ੍ਹੇ ਦੀ ਗੱਲ ਸੀ। ਕਿ ਇਹ ਸਦਾ-ਵਰਤ ਲੰਗਰ ਬਿਨਾਂ ਕਿਸੇ ਵੱਡੀ ਜਗੀਰ, ਜਾਂ ਬਿਨਾ ਕਿਸੇ ਵੱਡੀ ਆਮਦਨ ਤੋਂ ਕਿਵੇਂ ਚੱਲ ਰਿਹਾ ਹੈ ?

ਸਭ ਸਤਿਗੁਰੂ ਹਰੀ ਸਿੰਘ ਜੀ ਦੇ ਇਸ ਸੇਵਾ ਭਾਵਨਾ ਤੋਂ ਹੈਰਾਨ ਸਨ।


ਕੁਝ ਸਮੇਂ ਬਾਅਦ, ਹੌਲੀ-ਹੌਲੀ ਅਕਾਲ ਦਾ ਦੌਰ ਘਟਣ ਲੱਗਾ, ਮੌਸਮ ਵਿਚ ਤਬਦੀਲੀ ਆਈ, ਜ਼ੋਰਦਾਰ ਬਾਰਿਸ਼ ਹੋਈ ਅਤੇ ਸ਼ਰਨਾਰਥੀ ਆਪੋ ਆਪਣੇ ਘਰਾਂ ਨੂੰ ਵਾਪਿਸ ਪਰਤਣ ਲੱਗੇ ।

ਹਰ ਕੋਈ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ ।

ਧੰਨ ਸਤਿਗੁਰੂ ਹਰੀ ਸਿੰਘ ਜੀ ।

# ਇਕਾਗਰਤਾ

ਪਾਂਡਵ ਅਤੇ ਕੌਰਵ ਆਚਾਰੀਆ ਦ੍ਰੋਣਾਚਾਰੀਆ ਦੇ ਗੁਰੂ ਕੁਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ । ਇਕ ਦਿਨ ਆਚਾਰੀਆ ਨੇ ਆਪਣੇ ਵਿਦਿਆਰਥੀਆਂ ਦਾ ਇਮਤਿਹਾਨ ਲੈਣਾ ਚਾਹਿਆ । ਉਹ ਸਾਰਿਆਂ ਨੂੰ ਲੈ ਕੇ ਇਕ ਜੰਗਲ ਵਿੱਚ ਗਏ ਅਤੇ ਇਕ ਨਕਲੀ ਪੰਛੀ ਦੀ ਅੱਖ ਨੂੰ ਨਿਸ਼ਾਨਾ ਲਗਾਉਣ ਦਾ ਹੁਕਮ ਕੀਤਾ।



ਸਭ ਤੋਂ ਪਹਿਲਾਂ ਯੁਧਿਸ਼ਟਰ ਨੂੰ ਬੁਲਾਇਆ ਅਤੇ ਨਿਸ਼ਾਨਾ ਲਗਾਉਣ ਨੂੰ ਕਿਹਾ । ਗੁਰੂ ਦ੍ਰੋਣਾਚਾਰੀਆ ਨੇ ਪੁੱਛਿਆ ਕਿ ਉਸਨੂੰ ਕੀ ਦਿਖ ਰਿਹਾ ਹੈ, ਉਸ ਨੇ ਉੱਤਰ ਦਿੱਤਾ ਪੰਛੀ ਦਿਖਾਈ ਦੇ ਰਿਹਾ ਹੈ । ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜ ਦਿੱਤਾ । ਫਿਰ ਭੀਮ ਦੀ ਵਾਰੀ ਆਈ, ਉਸਨੂੰ ਪੁੱਛਣ ਤੇ ਉਸ ਨੇ ਉੱਤਰ ਦਿੱਤਾ ਕਿ ਪੰਛੀ ਅਤੇ ਟਾਹਣੀ ਦਿਖਾਈ ਦੇ ਰਹੇ ਹਨ । ਉਸ ਨੂੰ ਵੀ ਵਾਪਿਸ ਭੇਜ ਕੇ, ਦੁਰਯੋਧਨ ਨੂੰ ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ ਉਸ ਨੇ ਉੱਤਰ ਦਿੱਤਾ– "ਪੰਛੀ, ਟਾਹਣੀ ਅਤੇ ਬੱਦਲ"। ਗੁਰੂ ਜੀ ਨੇ ਉਸ ਨੂੰ ਵਾਪਿਸ ਭੇਜਿਆ ਅਤੇ ਅਰਜਨ ਨੂੰ ਬੁਲਾ ਕੇ ਨਿਸ਼ਾਨਾ ਸਾਧਣ ਲਈ

ਹੁਕਮ ਦਿੱਤਾ। ਪੁੱਛਿਆ ਕਿ ਉਸ ਨੂੰ ਕੀ ਦਿਖ ਰਿਹਾ ਹੈ ਉਸ ਉੱਤਰ ਦਿੱਤਾ, "ਕੇਵਲ ਪੰਛੀ ਦੀ ਅੱਖ ਦਿਖਾਈ ਦੇ ਰਹੀ ਹੈ"।

ਗੁਰੂ ਦ੍ਰੋਣਾਚਾਰੀਆ ਉਸਨੂੰ ਨਿਸ਼ਾਨਾ ਲਗਾਉਣ ਲਈ ਆਖਿਆ । ਉਸ ਦਾ ਤੀਰ ਸਿੱਧਾ ਜਾ ਕੇ ਪੰਛੀ ਦੀ ਅੱਖ ਵਿੱਚ ਲੱਗਾ । ਗੁਰੂ ਦ੍ਰੋਣਾਚਾਰੀਆ ਜੀ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤਾ "ਵਧੀਆ ਤੀਰਅੰਦਾਜ਼ੀ ਲਈ ਇਹੋ ਜਿਹੀ ਇਕਾਗਰਤਾ ਹੋਣੀ ਚਾਹੀਦੀ ।" ਅਰਜਨ ਨੂੰ ਆਸ਼ੀਰਵਾਦ ਦਿੱਤਾ ਕਿ ਅਰਜਨ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਤੀਰ ਅੰਦਾਜ਼ ਹੋਵੇਗਾ । ਅਰਜਨ ਦੀ ਤੀਰ ਅੰਦਾਜ਼ੀ ਦੇ ਸਾਹਮਣੇ ਕੋਈ ਵੀ ਟਿੱਕ ਨਹੀਂ ਸਕਿਆ। ਇਕਾਗਰਤਾ ਨਾਲ ਕੰਮ ਕਰਨ ਤੇ ਸਫ਼ਲਤਾ ਮਿਲਦੀ ਹੈ ।

# ਪੰਜ ਪਿਆਰਿਆਂ ਦੀ ਸਾਜਨਾ

1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਥਾਨ ਤੇ ਵਿਸਾਖੀ ਦੇ ਮੌਕੇ 'ਤੇ ਵੱਡੇ ਦੀਵਾਨ ਦਾ ਐਲਾਨ ਕੀਤਾ । ਬੇਸ਼ੁਮਾਰ ਸੰਗਤਾਂ ਦੂਰੋਂ-ਦੂਰੋਂ ਆਈਆਂ । ਦਰਬਾਰ ਬਹੁਤ ਭਰ ਗਿਆ । ਸਤਿਗੁਰੂ ਜੀ ਸ਼ਸਤਰ-ਬਸਤਰ ਸਜਾ ਆ ਦਰਸ਼ਨ ਦਿੱਤੇ । ਮਿਆਨ ਵਿਚੋਂ ਤਲਵਾਰ ਕੱਢ ਕੇ ਉੱਚੀ ਸਾਰੀ ਆਖਿਆ, "ਇਹ ਤਲਵਾਰ ਸੀਸ ਮੰਗਦੀ ਹੈ, ਹੈ ਕੋਈ ਐਸਾ ਹੈ ਜੋ ਇਸ ਦੀ ਮੰਗ ਪੂਰੀ ਕਰੇ?"

ਹਰ ਪਾਸੇ ਸੰਨਾਟਾ ਛਾ ਗਿਆ । ਦੁਬਾਰਾ ਫੇਰ ਹੁਕਮ ਕੀਤਾ । ਕੋਈ ਨਹੀਂ ਉੱਠਿਆ । ਜਦੋਂ ਤੀਜੀ ਵਾਰ ਹੁਕਮ ਕੀਤਾ ਤਾਂ ਲਾਹੌਰ ਨਿਵਾਸੀ ਦਇਆ ਰਾਮ ਉੱਠਿਆ ਅਤੇ ਸਤਿਗੁਰੂ ਜੀ ਅੱਗੇ ਸਿਰ ਨਿਵਾ ਕੇ ਖੜ੍ਹਾ ਹੋ ਗਿਆ । ਸਤਿਗੁਰੂ ਜੀ ਨੇ ਲਿਸ਼ਕਦੀ ਤਲਵਾਰ ਘੁਮਾਈ ਅਤੇ ਦਇਆ ਰਾਮ ਦੇ ਸਿਰ ’ਤੇ ਚਲਾ ਦਿਤੀ। ਉਸਦਾ ਸਿਰ ਧੜ ਨਾਲੋਂ ਅਲੱਗ ਹੋ ਗਿਆ। ਸਭ ਪਾਸੇ ਭਿਆਨਕ ਡਰ ਛਾ ਗਿਆ ।


ਦੂਜੀ ਵਾਰ ਫੇਰ ਇਹੋ ਸ਼ਬਦ ਉਚਾਰੇ ਤਾਂ ਭਾਈ ਧਰਮ ਚੰਦ ਅੱਗੇ ਆ ਖਲੋਤਾ । ਸਤਿਗੁਰੂ ਜੀ ਨੇ ਉਸਦਾ ਸਿਰ ਵੀ ਕਲਮ ਕਰ ਦਿੱਤਾ । ਹੁਣ ਦੀਵਾਨ ਵਿਚੋਂ ਕਮਜ਼ੋਰ ਸਿੱਖ ਖਿਸਕਣੇ ਸ਼ੁਰੂ ਹੋ ਗਏ । ਇਸੇ ਤਰ੍ਹਾਂ ਵਾਰੀ-ਵਾਰੀ ਜਗਨਨਾਥ ਪੁਰੀ ਨਿਵਾਸੀ ਹਿੰਮਤ ਰਾਇ, ਦੁਆਰਕਾ ਨਿਵਾਸੀ ਮੁਹਕਮ ਚੰਦ ਅਤੇ ਬਿਦਰ ਨਿਵਾਸੀ ਸਾਹਿਬ ਚੰਦ ਨੇ ਗੁਰੂ ਚਰਨਾਂ ਵਿਚ ਸੀਸ ਦੇ ਕੇ ਆਪਣਾ ਆਪ ਨਿਛਾਵਰ ਕਰ ਦਿਤਾ ।

ਸਤਿਗੁਰੂ ਜੀ ਨੇ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ । ਪੰਜ ਧੜ ਅਤੇ ਸੀਸ ਸਟੇਜ ਉੱਤੇ ਡਿੱਗੇ ਪਏ ਸਨ । ਸਾਰੀ ਸੰਗਤ ਹੈਰਾਨ ਬੈਠੀ ਸੀ । ਉਹਨਾਂ ਦੀ ਹੈਰਾਨੀ ਹੋਰ ਵਧੀ ਜਦੋਂ ਸਤਿਗੁਰੂ ਜੀ ਨੇ ਇੱਕ ਦੇ ਧੜ ਨਾਲ ਦੂਜੇ ਦਾ ਸੀਸ ਜੋੜ ਦਿਤਾ । ਪੰਜੇ ਜ਼ਿੰਦਾ ਕਰ ਦਿੱਤੇ । ਸਤਿਗੁਰੂ ਜੀ ਨੇ ਆਪਣੇ ਗਲ ਨਾਲ ਲਾ ਕੇ ਆਖਿਆ, "ਇਹ ਮੇਰੇ ਪੰਜ ਪਿਆਰੇ ਹਨ।"

ਫੇਰ ਸਤਿਗੁਰੂ ਜੀ ਨੇ ਬਾਟੇ ਵਿੱਚ ਅੰਮ੍ਰਿਤ ਤਿਆਰ ਕੀਤਾ । ਇਹਨਾਂ ਪੰਜਾਂ ਸਿੱਖਾਂ ਨੂੰ ਸ਼ਸਤਰ-ਬਸਤਰ ਸਜਾ ਕੇ ਅੰਮ੍ਰਿਤ ਛਕਾਇਆ । ਉਹਨਾਂ ਦੇ ਨਾਵਾਂ ਨਾਲੋਂ ਰਾਮ ਜਾਂ ਦਾਸ ਸ਼ਬਦ ਹਟਾ ਕੇ "ਸਿੰਘ" ਸ਼ਬਦ ਜੋੜ ਦਿੱਤਾ । ਭਾਵ: ਸ਼ੇਰ ਬਣਾ ਦਿੱਤਾ । ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਅੰਮ੍ਰਿਤ ਦੀ ਸ਼ਕਤੀ ਦਾ ਪ੍ਰੱਤਖ ਪ੍ਰਮਾਣ ਦੇਣਾ ਸੀ, ਤਾਂ ਹੀ ਆਪ ਜੀ ਨੇ ਇਹ ਕਾਰਜ ਕੀਤਾ।

# ਪ੍ਰੇਮਾ ਕੋੜ੍ਹੀ

ਪਿੰਡ ਖਾਰੀ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਇਕ ਪ੍ਰੇਮਾ ਨਾਂ ਦਾ ਅਨਾਥ ਬੱਚਾ ਸੀ। ਅਨਾਥ ਹੋਣ ਕਰਕੇ ਭੈੜੀ ਸੰਗਤ ਵਿਚ ਪੈ ਗਿਆ। ਉਸ ਨੇ ਕਈ ਪ੍ਰਕਾਰ ਦੇ ਅਯੋਗ ਕੰਮ ਕੀਤੇ ਤੇ ਉਸ ਨੂੰ ਕੋੜ੍ਹ ਹੋ ਗਿਆ। ਕੋੜ੍ਹ ਹੋਣ ਕਰਕੇ ਉਸ ਦੇ ਯਾਰਾਂ, ਦੋਸਤਾਂ ਨੇ ਉਸ ਨੂੰ ਛੇਕ ਦਿੱਤਾ। ਵਿਚਾਰਾ ਭੁੱਖਾ ਮਰਨ ਲੱਗਾ। ਉਸਨੂੰ ਛੂਹਣ ਤੋਂ ਵੀ ਹਰ ਕੋਈ ਡਰਦਾ ਸੀ। ਇਸ ਲਈ ਜੇ ਕਿਸੇ ਨੂੰ ਤਰਸ ਵੀ ਆਉਂਦਾ ਤਾਂ ਰੋਟੀ ਦੂਰੋਂ ਹੀ ਸੁੱਟ ਜਾਂਦਾ। ਇਕ ਵਾਰ ਇਕ ਸਖੀ ਦਿਲ ਵਿਅਕਤੀ ਨੂੰ ਉਸ ਤੇ ਦਇਆ ਆਈ ਅਤੇ ਉਸ ਨੇ ਉਹਦੇ ਗਲ ਵਿਚ ਇਕ ਮਿੱਟੀ ਦੀ ਟਿੰਡ ਲਟਕਾ ਦਿੱਤੀ। ਹੁਣ ਲੋਕ ਉਸਦੀ ਟਿੰਡ ਵਿਚ ਰੋਟੀ ਪਾ ਦਿੰਦੇ। ਇਸ ਤਰ੍ਹਾਂ ਸਮਾਂ ਬਤੀਤ ਹੁੰਦਾ ਗਿਆ।



ਇਕ ਦਿਨ ਉਸ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਹ ਬੜੀ ਮੁਸ਼ਕਲ ਨਾਲ ਤੁਰਦਾ ਹੋਇਆ ਗੋਇੰਦਵਾਲ ਪੁੱਜਾ। ਉਥੇ ਉਸ ਨੂੰ ਸਮੇਂ ਸਿਰ ਲੰਗਰ ਵਿਚੋਂ ਪ੍ਰਸ਼ਾਦਾ ਮਿਲਦਾ ਅਤੇ ਕੀਰਤਨ ਵੀ ਸੁਣਦਾ ਰਹਿੰਦਾ। ਫਿਰ ਦਿਨ ਵੇਲੇ ਬਾਉਲੀ ਸਾਹਿਬ ਦੇ ਪਾਸ ਜਾ ਕੇ ਬੈਠ ਜਾਂਦਾ ਅਤੇ ਟਿੰਡ ਵਜਾ ਕੇ ਪਾਠ ਕਰਦਾ ਰਹਿੰਦਾ। ਬਾਉਲੀ ਦੇ ਦਰਸ਼ਨਾਂ ਨੂੰ ਆਈ ਸੰਗਤ ਦੇ ਪੈਰਾਂ ਦੀ ਧੂੜ ਮੱਥੇ ਨਾਲ ਲਾਉਂਦਾ ਅਤੇ ਉਸ ਨੂੰ ਹੀ ਜ਼ਖ਼ਮਾਂ 'ਤੇ ਵੀ ਲਾਉਂਦਾ।

ਇਕ ਦਿਨ ਇਕ ਸਿੱਖ ਨੇ ਗੁਰੂ ਜੀ ਨੂੰ ਪ੍ਰੇਮੇ ਕੋੜ੍ਹੀ ਬਾਰੇ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਉਸੇ ਵੇਲੇ ਇਕ ਸਿੱਖ ਨੂੰ ਭੇਜ ਕੇ ਪ੍ਰੇਮੇ ਕੋੜ੍ਹੀ ਨੂੰ ਉਥੇ ਬੁਲਾਇਆ, ਜਿਥੇ ਗੁਰੂ ਜੀ ਰੋਜ਼ ਆਪ ਇਸ਼ਨਾਨ ਕਰਿਆ ਕਰਦੇ ਸਨ। ਫੱਟੀ ਉੱਤੇ ਬਿਠਾ ਕੇ ਗੁਰੂ ਜੀ ਨੇ ਆਪਣੇ ਹੱਥੀਂ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਸੁੰਦਰ ਕੱਪੜੇ ਪਵਾਏ। ਪ੍ਰੇਮੇ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਇਕ ਤੰਦਰੁਸਤ ਸੁੰਦਰ, ਛਬੀਲਾ ਨੌਜਵਾਨ ਬਣ ਗਿਆ। ਸਾਰੇ ਉਸ ਦੇ ਨਵੇਂ ਰੂਪ ਨੂੰ ਵੇਖ ਵੇਖ ਖੁਸ਼ ਹੋ ਰਹੇ ਸਨ। ਗੁਰੂ ਜੀ ਨੇ ਕਿਹਾ, "ਇਹ ਪ੍ਰੇਮਾ ਅੱਜ ਤੋਂ ਮੇਰਾ ਮੁਰਾਰੀ ਪੁੱਤਰ ਹੈ। ਪ੍ਰੇਮਾ ਕਾਇਆ ਪਲਟ ਕੇ ਮੁਰਾਰੀ ਹੋਇਆ ਹੈ। ਹੁਣ ਇਸ ਵਿਚ ਕੋਈ ਐਬ ਨਹੀਂ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਕੋਈ ਰੋਗ ਹੈ।" ਗੁਰੂ ਜੀ ਨੇ ਸੰਗਤ ਨੂੰ ਸੁਣਾ ਕੇ ਕਿਹਾ ਕਿ "ਸੰਗਤ ਵਿਚ ਕੋਈ ਐਸਾ ਸਿੱਖ ਹੈ ਜੋ ਮੇਰੇ ਪੁੱਤਰ ਵਾਸਤੇ ਧੀ ਦਾ ਰਿਸ਼ਤਾ ਕਰੇ।" ਉਥੇ ਉਸ ਵੇਲੇ ਗੁਰੂ ਘਰ ਦਾ ਇਕ ਪੁਰਾਣਾ ਸਿੱਖ ਸ਼ੀਹਾਂ ਬੈਠਾ ਸੀ। ਉਸਨੇ ਉੱਠ ਕੇ ਕਿਹਾ, "ਮਹਾਰਾਜ ਮੈਨੂੰ ਆਪਣੀ ਧੀ ਮੱਥਰੋ ਵਾਸਤੇ ਮੁਰਾਰੀ ਦਾ ਰਿਸ਼ਤਾ ਪ੍ਰਵਾਨ ਹੈ।" ਜਦ ਸ਼ੀਹਾਂ ਇਹ ਕੁਝ ਕਹਿ ਹੀ ਰਿਹਾ ਸੀ ਤਾਂ ਸ਼ੀਹੇਂ ਦੀ ਘਰ ਵਾਲੀ ਜਿਹੜੀ ਉਸ ਸਮੇਂ ਲੰਗਰ ਵਿਚ ਪ੍ਰਸ਼ਾਦੇ ਪਕਾ ਰਹੀ ਸੀ ਉੱਠ ਕੇ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਈ। ਉਹ ਕਹਿਣ ਲੱਗੀ, "ਮਹਾਰਾਜ ਸ਼ੀਹੇਂ ਦਾ ਤਾਂ ਦਿਮਾਗ਼ ਟਿਕਾਣੇ ਨਹੀਂ, ਮੈਨੂੰ ਇਹ ਰਿਸ਼ਤਾ ਬਿਲਕੁਲ ਪ੍ਰਵਾਨ ਨਹੀਂ। ਕੀ ਪਤਾ ਇਹ ਮੁੰਡਾ ਕਿਸ ਕੁੱਲ, ਕਿਸ ਜਾਤ, ਕਿਸ ਬਰਾਦਰੀ ਦਾ ਹੈ, ਮੈਂ ਆਪਣੀ ਧੀ ਦਾ ਜਨਮ ਭ੍ਰਿਸ਼ਟ ਕਰਨਾ ਹੈ?"

ਗੁਰੂ ਜੀ ਨੇ ਕਿਹਾ, "ਇਹ ਮੇਰਾ ਪੁੱਤਰ ਹੈ ਅਤੇ ਇਹ ਮੇਰੇ ਹੀ ਖਾਨਦਾਨ ਵਿਚੋਂ ਹੈ। ਇਹ ਮੱਥਰੋ ਮੁਰਾਰੀ ਦੀ ਜੋੜੀ ਧੁਰੋਂ ਹੀ ਲਿਖੀ ਆਈ ਹੈ, ਇਸ ਲਈ ਤੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਅਸੀਂ ਆਪਣੇ ਪੁੱਤਰ ਦਾ ਵਿਆਹ ਆਪ ਕਰਾਂਗੇ।"

ਸ਼ੀਹੇਂ ਦੀ ਘਰ ਵਾਲੀ ਨੂੰ ਸਮਝ ਪੈ ਗਈ। ਗੁਰੂ ਜੀ ਅੱਗੇ ਮੱਥਾ ਟੇਕ ਕੇ ਅਤੇ ਧੰਨ ਮਹਾਰਾਜ ਜਿਵੇਂ ਤੁਹਾਡੀ ਮਰਜ਼ੀ ਕਹਿਕੇ ਚਲੀ ਗਈ।

ਬਾਅਦ ਵਿਚ ਮੱਥਰੋ ਮੁਰਾਰੀ ਦਾ ਵਿਆਹ ਹੋ ਗਿਆ ਦੋਹਾਂ ਨੂੰ ਗੁਰੂ ਘਰ ਦਾ ਪ੍ਰਚਾਰਕ ਥਾਪਿਆ ਗਿਆ ਅਤੇ ਬਾਈ ਮੰਜੀਆਂ ਵਿੱਚੋਂ ਇਕ ਮੰਜੀ ਦੀ ਬਖਸ਼ਿਸ ਕੀਤੀ।

# ਭਾਈ ਮੰਝ



ਭਾਈ ਮੰਝ ਪਿੰਡ ਕੰਗਮਈ ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਇਕ ਅਮੀਰ ਜ਼ਿਮੀਂਦਾਰ ਸੀ। ਉਹ ਸਖੀ ਸਰਵਰ ਦਾ ਸੇਵਕ ਸੀ ਅਤੇ ਸਖੀ ਸਰਵਰੀ ਦੇ ਪ੍ਰਚਾਰ ਨੂੰ ਵਧਾਉਣ ਵਾਸਤੇ ਉਸ ਕਈ ਪੀਰ ਖਾਨੇ ਬਣਾਏ ਹੋਏ ਸਨ। ਇਕ ਵਾਰ ਭਾਈ ਮੰਝ ਆਪਣੇ ਸਾਥੀਆਂ ਦਾ ਇਕ ਜੱਥਾ ਲੈ ਕੇ ਨਿਗਾਹੇ ਪੀਰ ਦੀ ਯਾਤਰਾ 'ਤੇ ਗਿਆ। ਜਦ ਉਹ ਵਾਪਿਸ ਆ ਰਿਹਾ ਸੀ ਤਾਂ ਉਸ ਦਾ ਕਿਸੇ ਸਿੱਖ ਨਾਲ ਮੇਲ ਹੋਇਆ ਅਤੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਗੁਰਬਾਣੀ ਤੋਂ

ਉਹ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਆਪਣੀ ਖ਼ਾਹਿਸ਼ ਜ਼ਾਹਰ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਉਸ ਨੂੰ ਦੱਸਿਆ ਗਿਆ ਕਿ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਪੰਜਵੇਂ ਨਾਨਕ ਦੇ ਰੂਪ ਵਿਚ ਆਤਮਕ ਗਿਆਨ ਪ੍ਰਦਾਨ ਕਰ ਰਹੇ ਹਨ।

ਅੰਮ੍ਰਿਤਸਰ ਆ ਕੇ ਉਸ ਵੇਖਿਆ ਕਿ ਗੁਰੂ ਦੇ ਸਿੱਖ ਬੜੀ ਨਿਮਰਤਾ, ਸ਼ਰਧਾ ਅਤੇ ਪਿਆਰ ਨਾਲ ਸੇਵਾ ਵਿਚ ਲੱਗੇ ਹੋਏ ਸਨ। ਉਸਾਰੀ ਦੇ ਕੰਮ ਵੀ ਚੱਲ ਰਹੇ ਸਨ। ਸਰੋਵਰ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਇਆ ਅਤੇ ਜਦ ਉਸ ਅੰਮ੍ਰਿਤ ਦੇ ਸਰੋਵਰ ਦੀ ਮਹਿਮਾ ਸੁਣੀ ਤਾਂ ਉਸ ਨੇ ਬੜੀ ਸ਼ਰਧਾ ਨਾਲ ਇਸ਼ਨਾਨ ਕੀਤਾ। ਫਿਰ ਉਹ ਗੁਰੂ ਦਰਬਾਰ ਪੁੱਜਾ ਅਤੇ ਇਲਾਹੀ ਕੀਰਤਨ ਸੁਣਿਆ ਕੀਰਤਨ ਸੁਣ ਕੇ ਉਸ ਨੂੰ ਬਹੁਤ ਅਨੰਦ ਆਇਆ ਅਤੇ ਉਸ ਨੇ ਮਨ ਬਣਾ ਲਿਆ ਕਿ ਸਿੱਖ ਬਣ ਜਾਣਾ ਚਾਹੀਦਾ ਹੈ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਨਿਹਾਲ ਹੋ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਮੈਂ ਆਪ ਜੀ ਦਾ ਸਿੱਖ ਬਣਨਾ ਚਾਹੁੰਦਾ ਹਾਂ ਮੇਰੇ 'ਤੇ ਕਿਰਪਾ ਕਰੋ । ਗੁਰੂ ਜੀ ਨੇ ਫ਼ਰਮਾਇਆ, "ਤੂੰ ਸਖੀ ਸਰਵਰ ਦਾ ਸੇਵਕ ਏਂ ਪਰ ਸਿੱਖ ਹੋਣਾ ਆਸਾਨ ਨਹੀਂ। ਸਿੱਖੀ ਵਾਲ ਨਾਲੋਂ ਵੀ ਬਾਰੀਕ ਅਤੇ ਖੰਡੇ ਦੀ ਧਾਰ ਨਾਲੋਂ ਵੀ ਤਿੱਖੀ ਹੈ। ਸਖੀ ਸਰਵਰੀ ਦਾ ਪੰਧ ਸੌਖਾ ਹੈ। ਸਿੱਖ ਬਣਨ ਲਈ ਕਰੋਧ, ਲੋਭ, ਮੋਹ, ਅਹੰਕਾਰ ਅਤੇ ਤਕੱਬਰ ਛੱਡਣਾ ਪੈਂਦਾ ਹੈ। ਭਾਈ ਮੰਝ ਫਿਰ ਸਨਿਮਰ ਬੇਨਤੀ ਕੀਤੀ, 'ਮਹਾਰਾਜ ਮੈਂ ਸਭ ਕੁਝ ਛਡਣ ਨੂੰ ਤਿਆਰ ਹਾਂ।'' ਪਰ ਗੁਰੂ ਜੀ ਫ਼ਰਮਾਇਆ, "ਤੂੰ ਸਭ ਕੁਝ ਕਰ ਸਕਦਾ ਹੈਂ ਪਰ ਸਿੱਖੀ ਤੇ ਸਿੱਖੀ ਨਹੀਂ ਟਿਕ ਸਕਦੀ। ਆਖ਼ਰੀ ਸ਼ਬਦ ਭਾਈ ਮੰਝ ਨੂੰ ਵਿੰਨ੍ਹ ਕੇ ਲੈ ਗਏ। ਉਸ ਨੂੰ ਅਸਲ ਗੱਲ ਦੀ ਸੋਝੀ ਆ ਗਈ। ਉਹ ਆਪਣੇ ਪਿੰਡ ਪਰਤ ਗਿਆ। ਉਸ ਆਪਣੇ ਘਰ ਵਿਚ ਬਣਿਆ ਪੀਰਖਾਨਾ ਢਾਹ ਦਿੱਤਾ। ਸਾਰਾ ਪਿੰਡ ਉਸਦੇ ਖ਼ਿਲਾਫ਼ ਹੋ ਗਿਆ। ਚੌਧਰਪੁਣਾ ਉਸ ਤੋਂ ਖੋਹ ਲਿਆ ਗਿਆ। ਅੰਤ ਉਹ ਅੰਮ੍ਰਿਤਸਰ ਆ ਗਿਆ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ, ਮੱਥਾ ਟੇਕਿਆ, ਪਰ ਮੂੰਹੋਂ ਕੁਝ ਨਾ ਬੋਲਿਆ। ਬਾਕੀ ਸਿੱਖਾਂ ਵਾਂਗ

ਉਹ ਵੀ ਸੇਵਾ ਵਿਚ ਜੁੱਟ ਗਿਆ। ਉਹ ਜੰਗਲ ਵਿਚ ਜਾਂਦਾ ਅਤੇ ਲਕੜੀਆਂ ਕੱਟ ਕੇ ਲਿਆਉਂਦਾ। ਸਾਰਾ ਦਿਨ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਵਿਚ ਲੱਗਾ ਰਹਿੰਦਾ। ਇਕ ਵਾਰ ਜਦ ਉਹ ਲੱਕੜਾਂ ਦੀ ਪੰਡ ਚੁੱਕ ਕੇ ਅੰਮ੍ਰਿਤਸਰ ਨੂੰ ਆ ਰਿਹਾ ਸੀ ਤਾਂ ਬੜੇ ਜ਼ੋਰ ਦੀ ਹਨੇਰੀ ਆਈ ਅਤੇ ਚਾਰ ਚੁਫੇਰੇ ਹਨੇਰਾ ਛਾ ਗਿਆ। ਉਸ ਹਨੇਰੇ ਵਿਚ ਉਹ ਇਕ ਖੂਹ ਵਿਚ ਡਿੱਗ ਪਿਆ। ਪਰ ਉਸ ਲੱਕੜਾਂ ਨੂੰ ਭਿੱਜਣ ਨਾ ਦਿੱਤਾ ਆਪਣੇ ਸਿਰ ਉਤੇ ਹੀ ਟਿਕਾਈ ਰਖੀਆਂ ਅਤੇ ਆਪ ਪਾਠ ਕਰਨ ਲੱਗ ਗਿਆ। ਜਦ ਉਹ ਰਾਤ ਡੇਰੇ ਨਾ ਪੁੱਜਾ ਤਾਂ ਦੂਜੇ ਸਿੱਖਾਂ ਨੂੰ ਫ਼ਿਕਰ ਪੈ ਗਿਆ ਅਤੇ ਉਸ ਨੂੰ ਲੱਭਣ ਨਿਕਲ ਤੁਰੇ। ਇਕ ਖੂਹ ਵਿਚੋਂ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਦੀ ਆਵਾਜ਼ ਆਈ। ਜਦ ਉਨ੍ਹਾਂ ਵੇਖਿਆ ਤਾਂ ਭਾਈ ਮੰਝ ਲੱਕੜਾਂ ਦੀ ਪੰਡ ਸਿਰ 'ਤੇ ਟਿਕਾਈ ਖੂਹ ਵਿਚ ਖਲੋਤਾ ਪਾਠ ਕਰ ਰਿਹਾ ਸੀ। ਉਹ ਓਸੇ ਵੇਲੇ ਗੁਰੂ ਦੇ ਡੇਰੇ ਵੱਲ ਭੱਜੇ ਅਤੇ ਰੱਸੇ ਲੈ ਕੇ ਆ ਗਏ। ਰੱਸਾ ਲਮਕਾ ਕੇ ਉਨ੍ਹਾਂ ਭਾਈ ਮੰਝ ਨੂੰ ਕਿਹਾ, 'ਕਿ ਰੱਸਾ ਫੜ ਕੇ ਬਾਹਰ ਆ ਜਾਓ। ਪਰ ਭਾਈ ਮੰਝ ਨੇ ਕਿਹਾ, 'ਪਹਿਲਾਂ ਇਹ ਸੁਕੀਆਂ ਲੱਕੜਾਂ ਬਾਹਰ ਕਢੋ, ਫਿਰ ਮੈਂ ਵੀ ਨਿਕਲ ਆਵਾਂਗਾ।''ਜਦ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਵੀ ਖੂਹ 'ਤੇ ਪਹੁੰਚ ਗਏ। ਗੁਰੂ ਜੀ ਨੂੰ ਖੂਹ ਤੇ ਵੇਖ ਕੇ ਭਾਈ ਮੰਝ ਗੁਰੂ ਦੇ ਚਰਨਾਂ ਵਿਚ ਢਹਿ ਪਿਆ। ਗੁਰੂ ਜੀ ਨੇ ਕਿਹਾ, 'ਭਾਈ ਮੰਝ ਤੇਰੀ ਕਮਾਈ ਹੁਣ ਸਫਲ ਹੋਈ ਹੈ, ਕੁਝ ਮੰਗੋ। ਭਾਈ ਮੰਝ ਨੇ ਕਿਹਾ, 'ਗੁਰੂ ਜੀ! ਮੈਨੂੰ ਬਖ਼ਸ਼ੋ ਕਿ ਮੈਂ ਨਾਮ ਦਾ ਸਿਮਰਨ ਕਦੇ ਨਾ ਭੁੱਲਾਂ ਅਤੇ ਸਿਦਕ ਦਾਨ ਨਾਲ ਮੇਰੀ ਝੋਲੀ ਭਰ ਦਿਓ।' ਗੁਰੂ ਜੀ ਭਾਈ ਮੰਝ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਫ਼ਰਮਾਇਆ

ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।

ਮੰਝ ਗੁਰੂ ਕਾ ਬੋਹਿਥਾ, ਜਗ ਲੰਘਣ ਹਾਰਾ।

ਭਾਈ ਮੰਝ ਦੀ ਘਾਲਣਾ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਿੰਡ ਪ੍ਰਚਾਰਕ ਬਣਾ ਕੇ ਭੇਜ ਦਿੱਤਾ।

# ਮਾਤਾ ਜੀਵਨ ਕੌਰ ਜੀ

ਪਰਮ ਪੂਜਨੀਕ ਜਗਤ ਮਾਤਾ ਜੀਵਨ ਕੌਰ ਜੀ ਦਾ ਨਾਂ ਆਉਂਦੇ ਹੀ ਅਸੀਂ ਆਪਣੇ ਆਪ ਸ਼ਰਧਾ ਨਾਲ ਨਤਮਸਤਕ ਹੋ ਜਾਂਦੇ ਹਾਂ । ਆਪ ਜੀ ਨਾਮਧਾਰੀ ਇਤਿਹਾਸ ਦੀ ਇਕ ਅਦੁੱਤੀ ਸ਼ਖਸੀਅਤ ਸੀ ਜੋ ਸੇਵਾ, ਤਿਆਗ, ਸਨੇਹ, ਸਾਦਗੀ, ਸ਼ਾਂਤੀ, ਨਿਰਭੈ, ਨਿਡਰ ਅਤੇ ਦਲੇਰ ਤੇ ਸਨ ਹੀ ਨਾਲ ਹੀ ਅਧਿਆਤਮਕ ਸਿਖਰਾਂ ਦੀ ਪ੍ਰਾਪਤ ਕਰਤਾ ਅਤੇ ਰਿਧੀਆਂ-ਸਿੱਧੀਆ ਦੀ ਮਲਿਕਾ ਭੀ ਸੀ। ਆਪ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਸੀ ।

ਮਾਤਾ ਜੀ ਦਾ ਜਨਮ 1860 ਈ. ਨੂੰ ਪਿੰਡ ਥਰਾਜ ਸੂਬਾ ਖੁਸ਼ਹਾਲ ਸਿੰਘ ਜੀ ਅਤੇ ਮਾਤਾ ਭਾਗਭਰੀ ਜੀ ਦੇ ਘਰ ਹੋਇਆ। ਪਿਤਾ ਸੂਬਾ ਖੁਸ਼ਹਾਲ ਸਿੰਘ ਜੀ ਨਾਲ ਬਚਪਨ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨੇ। ਆਪ ਜੀ ਦੇ ਪਿਤਾ ਜੀ ਨੇ ਆਪ ਜੀ ਨੂੰ ਇੱਕ ਸੱਚਾ ਸਿੱਖ ਬਨਣ ਦੀ ਸਿੱਖਿਆ ਦਿੱਤੀ ।ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਕੇ ਭਜਨ ਕਰਨਾ, ਖੱਦਰ ਦੇ ਬਸਤਰ ਧਾਰਨ ਕਰਨੇ, ਮੰਜੇ ਦੇ ਬੈਠ ਕੇ ਪ੍ਰਸ਼ਾਦਾ ਨਹੀਂ ਛਕਣਾ, ਮਿੱਠਾ ਬੋਲਣਾ, ਬੁਰੇ ਬਚਨਾਂ ਨੂੰ ਸ਼ਾਂਤ ਹੋ ਕੇ ਸਹਿਣ ਕਰਨਾ, ਹਰ ਜੀਅ ਨਾਲ ਪਿਆਰ ਕਰਨਾ ਅਤੇ ਕੰਮ ਕਰਨ ਤੋਂ ਪਹਿਲਾ ਅਰਦਾਸਾ ਕਰਨਾ ਆਪ ਜੀ ਦਾ ਨਿਤਨੇਮ ਸੀ। ਇਹਨਾਂ ਸਿੱਖਿਆਵਾਂ ਨੂੰ ਬਚਪਨ ਤੋਂ ਆਪਣੇ ਪੱਲੇ ਬੰਨ੍ਹ ਲਿਆ ਤੇ ਸਾਰੀ ਉਮਰ ਉਹਨਾਂ ਦੇ ਦੱਸੇ ਪੂਰਨਿਆਂ ਤੇ ਚੱਲਦੇ ਰਹੇ।

ਇਕ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਜੀ ਦੇ ਸਿਰ ਤੇ ਹੱਥ ਰੱਖ ਕੇ ਇਹ ਵਰ ਦਿੱਤਾ ਕਿ ਇਹ ਜਗਤ ਮਾਤਾ ਹੋਵੇਂਗੀ। ਉਹੀ ਹੋਇਆ ਆਪ ਜੀ ਅਤੇ ਆਪਣੀ ਛੋਟੀ ਭੈਣ ਫਤਹਿ ਕੌਰ ਦਾ ਆਨੰਦ ਸਤਿਗੁਰੂ ਹਰੀ ਸਿੰਘ ਜੀ ਨਾਲ ਹੋ ਗਿਆ।ਆਪ ਦੋਵੇ ਭੈਣਾਂ ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਬਣ ਗਏ।

ਸਤਿਗੁਰੂ ਹਰੀ ਸਿੰਘ ਜੀ ਦੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਮਾਰਚ 1890ਈ. ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਵਤਾਰ ਧਾਰਿਆ। ਸਤਿਗੁਰੂ ਜੀ ਨੇ ਬਚਨ ਕੀਤਾ "ਵੱਡੇ ਪ੍ਰਤਾਪ ਵਾਲਾ ਆਇਆ ਹੈ। ਇਸ ਦੀ ਛਤਰ ਛਾਇਆ ਹੇਠ ਸੰਗਤ ਬੜੀਆਂ ਮੌਜਾਂ ਤੇ ਖੁਸ਼ੀਆਂ ਮਾਣੇਗੀ।" ਉਪਰੰਤ ਦੋ ਹੋਰ ਪੁੱਤਰ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜਨਮ ਹੋਇਆ।

ਮਾਤਾ ਜੀਵਨ ਕੌਰ ਜੀ ਹਰ ਵੇਲੇ ਸੇਵਾ ਵਿੱਚ ਲੀਨ ਰਹਿਣ ਲੱਗੇ। ਦੂਜਿਆਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਣਾ ਦਿੰਦੇ। ਖਾਸ ਤੌਰ 'ਤੇ ਲੰਗਰ ਵਿੱਚ ਸੇਵਾ ਮਾਤਾ ਜੀ

ਆਪਣੀ ਹੱਥੀਂ ਕਰਦੇ। ਬਰਤਨ ਮਾਂਜਦੇ, ਬੁਹਾਰੀ ਕਰਦੇ। ਸੰਗਤਾਂ ਨੂੰ ਹਮੇਸ਼ਾ ਬਹੁਤ ਪਿਆਰ ਨਾਲ ਲੰਗਰ ਛਕਾਉਂਦੇ। ਲੋੜਵੰਦਾਂ ਦੀ ਜ਼ਰੂਰਤ ਪੂਰੀ ਕਰਦੇ ਰਾਹੀਆਂ ਨੂੰ ਪਾਣੀ ਪਿਲਾ ਉਹਨਾਂ ਦੀ ਪਿਆਸ ਬੁਝਾਉਂਦੇ। ਬਹੁਤ ਹੀ ਖੁੱਲ੍ਹੇ ਦਿਲ ਨਾਲ ਵਰਤਾਉਂਦੇ। ਸੰਗਤਾਂ ਦੀਆਂ ਝੋਲੀਆਂ ਭਰ ਦੇਂਦੇ।

1946 ਬਿਕ੍ਰਮੀ ਨੂੰ ਕਾਲ ਪੈ ਗਿਆ ਤਿੰਨ ਮਹੀਨੇ ਤੱਕ ਉਸਦਾ ਅਸਰ ਰਿਹਾ। ਪ੍ਰਭਾਵਿਤ ਲੋਕਾਂ ਨੇ ਭੈਣੀ ਸਾਹਿਬ ਵਿੱਚ ਸਦਾਵਰਤ ਲੰਗਰ ਬਾਰੇ ਸੁਣਿਆ ਤੇ ਭੈਣੀ ਸਾਹਿਬ ਦੇ ਆਲੇ-ਦੁਆਲੇ ਡੇਰੇ ਲਾ ਲਏ। ਮਾਤਾ ਜੀ ਦਿਨ ਰਾਤ ਅਣੱਥਕ ਸੇਵਾ ਵਿੱਚ ਜੁੱਟ ਗਏ। ਆਪਣੇ ਕਰ ਕੰਵਲਾਂ ਰਾਹੀਂ ਲੱਖਾਂ ਕਾਲ ਪੀੜਤਾਂ ਨੂੰ ਪਦਾਰਥ ਵੰਡ-ਵੰਡ ਕੇ ਉਹਨਾਂ ਦੀ ਭੁੱਖ ਨੂੰ ਸ਼ਾਂਤ ਕਰਦੇ। ਸੰਨ 1929 'ਚ ਕਾਂਗਰਸ ਦੇ ਲਾਹੌਰ ਸ਼ੈਸਨ ਵਿੱਚ ਮਾਤਾ ਜੀਵਨ ਕੌਰ ਦਾ ਲੰਗਰ ਪ੍ਰਬੰਧ ਦੇਖ ਕੇ ਡਾ. ਰਜਿੰਦਰ ਪ੍ਰਸਾਦ ਤੇ ਜਵਾਹਰ ਲਾਲ ਨਹਿਰੂ ਬਹੁਤ ਪ੍ਰਭਾਵਿਤ ਹੋਏ।

ਮਾਤਾ ਜੀ ਦੀ ਚੁੰਬਕੀ ਸ਼ਖ਼ਸੀਅਤ ਹਿੰਦੂ, ਸਿੱਖ ਸਾਰਿਆਂ ਨੂੰ ਆਪਣੇ ਵੱਲ ਆਕਸ਼ਿਤ ਕਰਦੀ। ਮਾਤਾ ਜੀ ਰੱਜ-ਰੱਜ ਸਭ ਨੂੰ ਆਪਣਾ ਸਨੇਹ ਲੁਟਾਉਂਦੇ। ਮਾਤਾ ਜੀ ਦੇ ਹੱਥਾਂ ਵਿੱਚ ਇੰਨੀ ਬਰਕਤ ਸੀ ਕਿ ਇੱਕ ਛੋਟੀ ਜਿਹੀ ਕਾੜ੍ਹਨੀ ਵਿਚੋਂ 250 ਸਿੱਖਾਂ ਨੂੰ ਦੁੱਧ ਛਕਾਇਆ ਫਿਰ ਵੀ ਹਾਲੀ ਦੁੱਖ ਬਾਕੀ ਬਚਿਆ ਪਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕਰਦੇ ਸਨ ਮਾਤਾ ਜੀਵਨ ਕੌਰ ਦੇ ਹੱਥਾਂ ਵਿੱਚ ਰਿੱਧੀਆਂ-ਸਿੱਧੀਆਂ ਹਨ। ਇੱਕ ਇੱਕ ਬੁੱਕ ਵਰਤਾਂਦੇ ਹਨ ਤੇ ਦੋ ਬੁੱਕਾਂ ਹੋਰ ਵੱਧ ਜਾਂਦੀਆਂ ਹਨ।

ਮਾਤਾ ਜੀ ਹਰੇਕ ਨਾਲ ਪਿਆਰ ਕਰਦੇ ਭਾਵੇਂ ਉਹ ਆਪਣਾ ਸਿੱਖ ਹੋਵੇ ਜਾਂ ਨਿੰਦਕ। ਹਰ ਕਿਸੇ ਨੂੰ ਪਦਾਰਥ ਦੇ ਦੇ ਨਿਵਾਜਦੇ।

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੋਇਆ ਤੇ ਮਾਤਾ ਜੀਵਨ ਕੌਰ ਜੀ ਨੇ ਅੱਖਰ ਪੜ੍ਹਨੇ ਸਿੱਖੇ, ਬਾਣੀ ਕੰਠ ਕੀਤੀ। ਹਰ ਰੋਜ਼ ਪੰਜ ਗ੍ਰੰਥੀ ਦਾ ਪਾਠ ਕਰਨਾ, ਪੰਜ-ਪੰਜ ਭਗਉਤੀ ਤੇ ਭਜਨ ਦੀਆਂ ਮਾਲਾ ਕਰਨਾ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨਾ ਆਪ ਜੀ ਦਾ ਰੋਜ਼ ਦਾ ਨਿਯਮ ਸੀ।

ਮਾਤਾ ਜੀ ਦੀ ਸਿਮਰਨ ਸ਼ਕਤੀ ਬਹੁਤ ਤੀਵਰ ਸੀ। ਜਿਸ ਨੂੰ ਇੱਕ ਵਾਰ ਮਿਲਦੇ, ਅਗਲੀ ਵਾਰ ਨਾਂ ਲੈ ਪੁਕਾਰਦੇ।ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਮਾਤਾ ਜੀਵਨ ਕੌਰ ਨਾਲ ਬਹੁਤ ਸਨੇਹ ਕਰਦੇ ਅਤੇ ਗਰਵ ਕਰਦੇ ਕਿ ਇਹੋ ਜਿਹੀ ਮਾਤਾ ਦਾ ਸੁਭਾਗ ਪ੍ਰਾਪਤ ਹੈ। ਮਾਤਾ ਜੀ ਆਪਣੇ ਪੁੱਤਰ ਨੂੰ ਸਿਰਫ ਪੁੱਤਰ ਹੀ ਨਾ ਸਮਝਦੇ ਸਗੋਂ ਪੂਰਨ ਸਤਿਗੁਰੂ ਜੀ ਸਮਝਦੇ। ਜੋ ਵੀ ਸਤਿਗੁਰੂ ਜੀ ਬਚਨ ਕਰਦੇ, ਮਾਤਾ ਜੀ

ਉਹਨਾਂ ਦੇ ਬਚਨਾਂ ਤੇ ਫੁੱਲ ਚੜਾਉਂਦੇ। ਜਿਹੜੇ ਪਾਸੇ ਸਤਿਗੁਰੂ ਜੀ ਦਾ ਡੇਰਾ ਹੁੰਦਾ ਸੀ, ਮਾਤਾ ਜੀ ਉਸ ਪਾਸੇ ਪੈਰ ਕਰਕੇ ਲੰਮੇ ਨਾ ਪੈਂਦੇ।

ਸੰਨ 1943 ਮਾਤਾ ਜੀ ਨੇ 83 ਸਾਲਾਂ ਦੀ ਉਮਰ ਵਿੱਚ ਸਰੀਰਕ ਓਹਲਾ ਕਰ ਲਿਆ। ਆਪ ਜੀ ਦੀ ਰਸਨਾ ਦੇ ਅੰਤਿਮ ਸ਼ਬਦ ਸਨ-

ਦੇਹੁ ਸਜਣ ਅਸੀਸੜੀਆਂ ਜਿਉਂ ਹੋਵੈ ਸਾਹਿਬ ਸਿਉ ਮੇਲ॥

ਆਤਮਾ ਪ੍ਰਮਾਤਮਾ ਵਿੱਚ ਲੀਨ ਹੋ ਗਈ। ਇਸ ਤਰ੍ਹਾਂ ਮਾਤਾ ਜੀਵਨ ਕੌਰ ਜੀ ਨੇ ਇੱਕ ਆਦਰਸ਼ਮਈ ਜੀਵਨ ਬਤੀਤ ਕੀਤਾ। ਉਹਨਾਂ ਦੀ ਯਾਦ ਮਧੁਰ ਅਮਿਟ ਅਤੇ ਸਦੀਵ ਹੈ।

## ਪਹਿਲਵਾਨ ਫਤਹਿ ਸਿੰਘ

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਇਕ ਪਹਿਲਵਾਨ ਫਤਹਿ ਸਿੰਘ ਪਿੰਡ ਵਲਟੋਹੇ ਦੇ ਰਹਿਣ ਵਾਲਾ ਸੀ। ਉਸਦਾ ਸਰੀਰ ਬਹੁਤ ਤਕੜਾ ਸੀ। ਇੱਕ ਵਾਰੀ ਉਹ ਗਾਮੇ ਪਹਿਲਵਾਨ ਦੇ ਅਖਾੜੇ ਵਿਚ ਗਿਆ। ਇਕ ਢਾਈ ਫੁੱਟ ਦੀ ਰੇਲ ਦੀ ਪੱਟੜੀ ਦੋਹਾਂ ਸਿਰਿਆਂ ਤੋਂ ਫੜਕੇ ਡਿੰਗੀ ਕਰ ਦਿੱਤੀ ਤੇ ਕਿਹਾ, "ਹੈ ਕੋਈ ਮਾਈ ਦਾ ਲਾਲ ਜਿਹੜਾ ਇਸ ਨੂੰ ਸਿੱਧਾ ਕਰ ਦੇਵੇ।" ਪਰ ਕਿਸੇ ਨੇ ਵੀ ਨਾ ਕੀਤੀ। ਫਤਹਿ ਸਿੰਘ ਨੇ ਫਿਰ ਸਿੱਧੀ ਕਰ ਦਿੱਤੀ। ਇਸ ਤੇ ਸਤਿਗੁਰੂ ਜੀ ਦੀ ਬੜੀ ਕ੍ਰਿਪਾ ਸੀ। ਪੁਰਾਣੇ ਸਮੇਂ ਵਿਚ ਲੋਕ ਦਾਣੇ ਖਰਾਸਾਂ 'ਤੇ ਪੀਂਹਦੇ ਸਨ। ਆਪਣੀ ਵਾਰੀ ਦੀ ਉਡੀਕ ਵਿਚ ਕਣਕ ਦੇ ਪੀਪੇ ਕਤਾਰਾਂ ਵਿੱਚ ਰੱਖ ਕੇ ਵਾਰੀ ਦੀ ਉਡੀਕ ਕਰਦੇ ਸਨ। ਇਕ ਦਿਨ ਕਿਸੇ ਨੇ ਫਤਿਹ ਸਿੰਘ ਦੀ ਵਾਰੀ ਮੱਲ ਲਈ। ਫਤੇ ਸਿੰਘ ਨੂੰ ਗੁੱਸਾ ਚੜ੍ਹਿਆ। ਉਸਨੇ ਖਰਾਸ ਦਾ ਪੁੜ ਲਾਹ ਕੇ ਕੋਲ ਖੜ੍ਹੇ ਬੋਹੜ ਦੇ ਟਾਹਣ 'ਤੇ ਟੰਗ ਦਿੱਤਾ। ਸਾਰਾ ਪਿੰਡ ਹੈਰਾਨ ਹੋ ਗਿਆ। ਫੈਸਲਾ ਕੀਤਾ ਕਿ ਪੁੜ ਇਥੇ ਹੀ ਟੰਗਿਆ ਰਹਿਣ ਦਿਓ। ਫਤਿਹ ਸਿੰਘ ਦੀ ਤਾਕਤ ਦੀ ਨਿਸ਼ਾਨੀ ਆਉਣ ਵਾਲੀ ਪੀੜ੍ਹੀ ਲਈ ਪੱਥ ਪ੍ਰਦਰਸ਼ਨ ਬਣੀ ਰਹੇ। ਸੋ ਉਹ ਪੁੜ ਹੁਣ ਤੀਕ ਉਸ ਬੋਹੜ ਨਾਲ ਟੰਗਿਆ ਹੋਇਆ ਹੈ।

ਸਾਹਨ ਨਾਲ ਘੋਲ : ਸ੍ਰੀ ਭੈਣੀ ਸਾਹਿਬ ਆਪ ਇਕ ਦਿਨ ਜੰਗਲ ਮੈਦਾਨ ਜਾ ਰਹੇ ਸਨ। ਅਚਨਚੇਤ ਇਕ ਬੜਾ ਤਕੜਾ ਸਾਹਨ ਪਹਿਲਵਾਨ ਦੇ ਗਲ ਆ ਪਿਆ। ਫਤਹਿ ਸਿੰਘ ਨੇ ਸਾਹਨ ਨੂੰ ਆਉਂਦਿਆਂ ਹੀ ਸਿੰਗਾਂ ਤੋਂ ਫੜ ਲਿਆ। ਕਹਿੰਦੇ ਹਨ ਕਿ ਦੋ ਘੰਟੇ ਘੋਲ ਹੁੰਦਾ ਰਿਹਾ, ਅੰਤ ਸਾਹਨ ਨੇ ਜੀਭ ਕੱਢ ਲਈ। ਅੰਤ ਫਤਿਹ ਸਿੰਘ ਨੇ ਸਾਹਨ ਨੂੰ ਥਾਪੀ ਦੇ ਕੇ ਕਿਹਾ, "ਪੁੱਤਰਾ ਜੋਰ ਕਰਵਾ ਦਿੱਤਾ ਸੀ। ਸਾਹਨ ਨੂੰ ਛੱਡਣ ਦੀ ਦੇਰ ਸੀ ਕਿ ਬਾਂ-ਬਾਂ ਕਰਦਾ ਭੱਜ ਗਿਆ। ਉਸ ਤੋਂ ਪਿੱਛੋਂ ਉਹ ਸਾਹਨ ਕਿਸੇ ਨੇ ਵੀ ਭੈਣੀ ਸਾਹਿਬ ਦੀ ਜੂਹ ਵਿਚ ਨਹੀਂ ਵੇਖਿਆ।

ਹੰਕਾਰ ਤੋੜਨਾ : ਇਕ ਦਿਨ ਸੰਤ ਫਤਿਹ ਸਿੰਘ ਆਪਣੀ ਪਤਨੀ ਨਾਲ ਭੈਣੀ ਸਾਹਿਬ ਦਰਸ਼ਨ ਕਰਨ ਆਇਆ। ਉਸ ਦੀ ਪਤਨੀ ਨੇ ਬਹੁਤ

ਗਹਿਣੇ ਪਹਿਨੇ ਹੋਏ ਸਨ।ਪਹਿਲਵਾਨ ਆਪਣੀ ਪਤਨੀ ਨੂੰ ਮੋਢਿਆਂ ਤੇ ਚੁੱਕ ਕੇ ਲਿਆ ਰਿਹਾ ਸੀ।ਵੇਖਣ ਵਾਲੇ ਤਮਾਸ਼ਬੀਨ ਕਈ ਗੱਲਾਂ ਕਰਦੇ ਸਨ ਕਿ ਚਿੜੀ ਜਿੰਨੀ ਜਨਾਨੀ ਨੂੰ ਮੋਢਿਆਂ ਤੇ ਚੁੱਕੀ ਫਿਰਦਾ ਹੈ।

ਜਦ ਉਹ ਥੱਕ ਜਾਂਦੀ ਤਾਂ ਕਿਸੇ ਰੁੱਖ ਥੱਲੇ ਬੈਠਣ ਦਾ ਹੁਕਮ ਦਿੰਦੀ। ਫਤਹਿ ਸਿੰਘ ਉਥੇ ਹੀ ਖੜਾ ਹੋ ਜਾਂਦਾ। ਜਦੋਂ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਭੈਣੀ ਸਾਹਿਬ ਪੁੱਜਾ। ਅਗੋਂ ਸਤਿਗੁਰੂ ਜੀ ਦੇ ਦਰਸ਼ਨਾਂ ਵਿਚ ਪੁਲੀਸ ਅੜਿੱਕਾ ਬਣੀ ਹੋਈ ਸੀ। ਪੁਲੀਸ ਦਾ ਹੌਲਦਾਰ ਅੰਦਰ ਨਹੀਂ ਸੀ ਜਾਣ ਦਿੰਦਾ। ਫਤਿਹ ਸਿੰਘ ਹੌਲਦਾਰ ਨੂੰ ਸੰਘੀਓਂ ਫੜਕੇ ਘਸੀਟਦਾ ਗੁਰੂ ਜੀ ਦੇ ਚੁਬਾਰੇ ਵਿੱਚ ਲੈ ਗਿਆ। ਗੁਰੂ ਜੀ ਨੇ ਹੌਲਦਾਰ ਨੂੰ ਦੁੱਧ ਪਿਆ ਕੇ ਰਾਜ਼ੀ ਕੀਤਾ ਤੇ ਪਹਿਲਵਾਨ ਨੂੰ ਪਿਆਰ ਕੀਤਾ।

ਪਹਿਲਵਾਨ ਦੀ ਪਤਨੀ ਸਤਿਗੁਰਾਂ ਦਾ ਧੰਨਵਾਦ ਕਰਨ ਲੱਗੀ।ਕਿਸੇ ਪੱਛਿਆ, "ਧੰਨਵਾਦ ਕਿਸ ਗੱਲ ਦਾ ਪਹਿਲਵਾਨ ਦੀ ਪਤਨੀ ਕਹਿਣ ਲੱਗੀ ਮੈਂ ਸਰੀਰ ਦੀ ਪਤਲੀ ਤੇ ਕਮਜ਼ੋਰ ਸੀ। ਇਹ ਦੇਓ ਜਿੱਡੇ ਅਕਾਰ ਦਾ ਆਦਮੀ, ਮੈਨੂੰ ਗੱਲ-ਗੱਲ 'ਤੇ ਕੁੱਟਦਾ ਮਾਰਦਾ ਰਹਿੰਦਾ ਸੀ। ਮੈਂ ਜ਼ਿੰਦਗੀ ਤੇ ਮੌਤ ਵਿਚ ਕਿੰਨਾ ਚਿਰ ਘੋਲ ਕਰਦੀ ਰਹੀ।ਇਕ ਦਿਨ ਮੈਂ ਗੁਰੂ ਹਰੀ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ ਮੈਂ ਬੜੀ ਤੰਗ ਹਾਂ ਮੇਰੀ ਜਾਨ ਛੁਡਾਓ। ਕੁੱਟ ਖਾ ਖਾ ਕੇ ਮੇਰੇ ਹੱਡ ਵੀ ਕਾਣੇ ਪੈ ਗਏ ਹਨ। ਸਤਿਗੁਰੂ ਜੀ ਕਹਿਣ ਲੱਗੇ ਫਤਹਿ ਸਿੰਘ ਤੀਵੀਂ ਨੂੰ ਮਾਰਨਾ ਧਰਮ ਨਹੀਂ। ਮਾਈਆਂ ਰੱਬ ਰਜਾਈਆਂ। ਗੁਰੁ ਤੇਰਾ ਬਹਾਦਰ ਜੀ ਦਾ ਬਚਨ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਜਿਹਾ ਮਿੱਟੀ ਦੀ ਢੇਰੀ ਨੂੰ ਕੁੱਟ ਲਿਆ ਤੇਹਾ ਔਰਤ ਨੂੰ ਕੁੱਟ ਲਿਆ। ਫਤਹਿ ਸਿੰਘ ਤੇ ਕੋਈ ਅਸਰ ਨਾ ਹੋਇਆ। ਸਗੋਂ ਵਿਚੇ-ਵਿਚ ਵਿਸ਼ ਘੋਲਦਾ ਰਿਹਾ। ਗੁਰੂ ਹਰੀ ਸਿੰਘ ਜੀ ਕਿਹਾ, "ਮਾਨੋ, (ਉਸ ਤੀਵੀਂ ਦਾ ਨਾਮ ਸੀ) ਚੜ੍ਹ ਏਦੇ ਮੋਢਿਆਂ 'ਤੇ ਮੈਂ ਵੇਖਦਾਂ ਤੈਨੂੰ ਕਿਵੇਂ ਉਤਾਰਦਾ ਹੈ।"

ਮਾਨੋ ਛੜੱਪਾ ਮਾਰ ਕੇ ਕੰਧਾੜਿਆਂ 'ਤੇ ਜਾ ਚੜ੍ਹੀ। ਬੱਸ ਉਸ ਦਾ ਐਸਾ ਮਨ ਫਿਰਿਆ ਕਿ ਫਤਿਹ ਸਿੰਘ ਬੱਕਰੀ ਬਣ ਗਿਆ। ਹਰ ਵੇਲੇ ਮਾਨੋ ਨੂੰ ਮੋਢਿਆਂ ਤੇ ਹੀ ਚੁੱਕੀ ਫਿਰਦਾ ਜਿੱਥੇ ਕਹਿੰਦੀ ਬੈਠ ਜਾ, ਉਥੇ ਬੈਠ ਜਾਂਦਾ। ਜਿੱਥੇ ਕਹਿੰਦੀ ਖਲੋ ਜਾ ਉੱਥੇ ਖਲੋ ਜਾਂਦਾ। ਮਾਨੋ ਕਹੇ, "ਇਹ ਮੇਰੇ ਸਤਿਗੁਰੂ ਜੀ ਦੀ ਕਰਾਮਾਤ ਹੈ। ਜਿਨ੍ਹਾਂ ਮੈਨੂੰ ਕੁੱਟ ਤੋਂ ਬਚਾ ਕੇ ਮੇਰੀ ਸੇਵਾ 'ਤੇ ਲਾ ਦਿੱਤਾ ਹੈ। ਮੈਂ ਗੁਰੂ ਜੀ ਦਾ ਕੋਟਨ-ਕੋਟ ਧੰਨਵਾਦ ਕਿਉਂ ਨਾ ਕਰਾਂ। ਜਿਨ੍ਹਾਂ ਮੇਰੀ ਜੂਨ ਸਵਾਰ ਦਿੱਤੀ ਹੈ।"

## ਖੂਹ ਵਿਚੋਂ ਪਾਣੀ ਦੀ ਥਾਂ ਦੁੱਧ

ਫਤਿਹ ਸਿੰਘ ਤੇ ਉਸਦੀ ਸਿੰਘਣੀ ਰਾਈਆਂ ਵਾਲੇ ਖੂਹ ਤੇ ਆ ਕੇ ਬਹਿ ਗਏ। ਮੌਜੀ ਗੁਰੂ ਜੀ ਵੀ ਉਸ ਪਾਸੇ ਆ ਗਏ। ਅੱਗੇ ਜੋੜੀ ਬੈਠੀ ਸੀ। ਫਤਿਹ ਸਿੰਘ ਨੇ ਉੱਠ ਕੇ ਚਰਨੀਂ ਹੱਥ ਲਾਇਆ। ਗੁਰੂ ਜੀ ਨੇ ਆਪਣੇ ਸੇਵਕ ਦਾਨ ਸਿੰਘ ਨੂੰ ਕਿਹਾ, "ਦਾਨ ਸਿੰਘ ਪਹਿਲਵਾਨ ਦੂਰੋਂ ਆਇਆ ਹੈ। ਲਿਆ ਇਸ ਵਾਸਤੇ ਦੁੱਧ।" ਪਹਿਲਵਾਨ ਨੇ ਸੋਚਿਆ ਕਿ ਮੈਂ ਤਾਂ ਸਾਰੇ ਪਿੰਡ ਦਾ ਦੁੱਧ ਪੀ ਕੇ ਨਾ ਰੱਜਾਂ, ਇਹ ਕਿਵੇਂ ਰਜਾ ਲੈਣਗੇ? ਗੁਰੂ ਜੀ ਨੇ ਪਹਿਲਵਾਨ ਨੂੰ ਕਿਹਾ, "ਫਤਿਹ ਸਿੰਘ ਤੂੰ ਉੱਠ ਤੇ ਦੁੱਧ ਆਉਣ ਤੱਕ ਪੰਜ ਇਸ਼ਨਾਨਾ ਕਰ ਲੈ।" ਜਦੋਂ ਉਸਨੇ ਗੜਵਾ ਖੂਹ ਵਿਚ ਵਗਾਇਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਗੜਵੇ ਵਿਚ ਪਾਣੀ ਨਹੀਂ ਦੁੱਧ ਸੀ। ਪਹਿਲਵਾਨ ਦੇ ਹੱਥੋਂ ਗੜਵਾ ਡਿੱਗ ਪਿਆ ਤੇ ਆਪ ਸਤਿਗੁਰਾਂ ਦੇ ਚਰਨੀਂ ਢਹਿ ਪਿਆ।

# ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਮਾਂ ਪ੍ਰਬੰਧਨ

ਸਤਿਗੁਰੂ ਜਗਜੀਤ ਸਿੰਘ ਜੀ ਅਨੁਸ਼ਾਸਨ ਮਈ ਜੀਵਨ ਪਸੰਦ ਕਰਦੇ ਸਨ । ਆਪਣੇ ਹਰ ਕੰਮ ਨੂੰ ਨੀਯਤ ਸਮੇਂ ਤੇ ਕਰਨਾ ਪਸੰਦ ਕਰਦੇ ਸੀ । ਸਵੇਰ ਦੇ ਇਸ਼ਨਾਨ ਤੋਂ ਲੈਕੇ ਰਾਤ ਨੂੰ ਬਿਰਾਜਣ ਦੀ ਕਿਰਿਆ ਤੱਕ ਹਰ ਕੰਮ ਸਮੇਂ ਅਨੁਸਾਰ ਕਰਨਾ ਆਪ ਜੀ ਦੀ ਆਦਤ ਸੀ ।

ਆਪ ਜੀ ਨੇ ਬਚਪਨ ਤੋਂ ਹੀ ਅਨੁਸ਼ਾਸਨ ਬੱਧ ਜੀਵਨ ਜੀਉਣ ਦਾ ਅਭਿਆਸ ਕੀਤਾ, ਜੋ ਸਾਰੀ ਉਮਰ ਸਿਖਾਂ ਨੂੰ ਅਨੁਸ਼ਾਸ਼ਿਤ ਜੀਵਨ ਲਈ ਪ੍ਰੇਰਿਤ ਕਰਦਾ ਰਿਹਾ। ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਕਸਰਤ ਕਰਨਾ, ਇਸ਼ਨਾਨ ਕਰਕੇ ਆਸਾ ਦੀ ਵਾਰ ਸੁਨਣਾ ਅਤੇ ਗਾਇਨ ਕਰਨਾ।

ਪ੍ਰਸ਼ਾਦਾ ਪਾਣੀ ਉਪਰੰਤ ਸਾਧ-ਸੰਗਤ ਦੀਆਂ ਅਰਜ਼ਾਂ ਸੁਣਨਾ, ਬਿਰਧਸ਼ਾਲਾ ਜਾਣਾ ਦੇਸ਼-ਵਿਦੇਸ਼ ਤੋਂ ਆਏ ਪਤਵੰਤੇ ਸੱਜਣਾਂ ਨੂੰ ਮਿਲਣਾ। ਦੁਪਹਿਰ ਦਾ ਇਸ਼ਨਾਨ, ਨਿਤਨੇਮ ਅਤੇ ਕੀਰਤਨ ਉਪਰੰਤ ਸੰਗੀਤ ਕਰਨਾ ਜਾਂ ਖੇਡਾਂ ਵਿੱਚ ਹਿੱਸਾ ਲੈਣਾ, ਸਾਰੇ ਰੁਝੇਵੇਂ ਸਮੇਂ ਅਨੁਸਾਰ ਪੂਰੇ ਕਰਦੇ ਸਨ।

ਸਤਿਗੁਰੂ ਜੀ ਹੁਕਮ ਕਰਦੇ ਸਨ ਕਿ ਸਮੇਂ ਦੀ ਸਹੀ ਵਰਤੋਂ ਕਰੋ। ਜੋ ਸਮੇਂ ਦੀ ਕਦਰ ਨਹੀਂ ਕਰਦਾ ਉਸਨੂੰ ਜੀਵਨ ਵਿੱਚ ਕਾਮਯਾਬੀ ਨਹੀਂ ਮਿਲ ਸਕਦੀ।

ਸਤਿਗੁਰੂ ਜਗਜੀਤ ਸਿੰਘ ਜੀ ਲਗਭਗ 53 ਵਰ੍ਹੇ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ। ਇਹ ਆਪ ਜੀ ਦਾ ਅਨੁਸ਼ਾਸਨ ਭਰਿਆ ਜੀਵਨ ਹੀ ਸੀ, ਜਿਸ ਕਰਕੇ ਆਪ ਜੀ ਨੇ ਨਾਮਧਾਰੀ ਪੰਥ ਨੂੰ ਦੁਨੀਆਂ ਵਿੱਚ ਬਹੁਤ ਉੱਚੇ ਪੱਧਰ ਤੇ ਲੈ ਆਂਦਾ ਭਾਵੇਂ ਉਹ ਨਾਮ-ਸਿਮਰਨ ਦੀ ਗੱਲ ਹੋਵੇ, ਸਾਹਿਤ ਦੀ ਰਚਨਾ, ਨਾਮਧਾਰੀ ਵਿਦਿਅਕ ਜੱਥੇ, ਸੰਗੀਤ ਜਾਂ ਖੇਡਾਂ, ਮੇਲਿਆਂ ਦਾ ਪ੍ਰਬੰਧ ਜਾਂ ਸ਼ਹੀਦਾ ਦੇ ਸਥੱਲਾਂ ਦਾ ਗਿਆਨ, ਸ੍ਰੀ ਭੈਣੀ ਸਾਹਿਬ ਦੀ ਉਸਾਰੀ ਜਾਂ ਦੇਸ਼ਾਂ ਵਿਦੇਸ਼ਾਂ ਦਾ ਭ੍ਰਮਣ, ਖੇਤੀ ਬਾੜੀ ਜਾਂ ਪਸ਼ੂਆਂ ਦੀ ਦੇਖ-ਰੇਖ, ਅਖੰਡ ਵਰਨੀਆਂ ਜਾਂ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਹਰ

ਖੇਤਰ ਵਿੱਚ ਸਤਿਗੁਰੂ ਜੀ ਨੇ ਵਿਕਾਸ ਕਰਕੇ ਵਿਖਾਇਆ। ਏਨਾ ਕੰਮ ਬਿਨਾਂ ਅਨੁਸ਼ਾਸਨ ਤੋਂ ਨਹੀਂ ਹੋ ਸਕਦਾ।

ਹਰ ਸਿੱਖ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮਾਂ ਪ੍ਰਬੰਧਨ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਢਾਲਣਾ ਚਾਹੀਦਾ ਹੈ ਤਾਂ ਕਿ ਅਸੀਂ ਸਾਰੇ ਵੀ ਆਪਣੇ ਹਰ ਕੰਮ ਨੂੰ ਸਹੀ ਸਮੇਂ ਨਾਲ ਅਤੇ ਸਹੀ ਢੰਗ ਨਾਲ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਜਾਈਏ।

# ਭਾਈ ਕਨ੍ਹਈਆ ਜੀ

ਸਿੱਖ ਪੰਥ ਵਿੱਚ ਬੇਅੰਤ ਅਜਿਹੀਆਂ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਗੁਰਮਤਿ ਸਿਧਾਂਤ ਦੇ ਰਾਹ ਤੇ ਚੱਲ ਕੇ ਸੰਸਾਰ ਦੇ ਲੋਕਾਂ ਲਈ ਉੱਚੇ ਆਦਰਸ਼ ਸਥਾਪਿਤ ਕੀਤੇ ਹਨ। ਆਪਣੀ ਉੱਚੀ-ਸੁੱਚੀ ਰਹਿਤ, ਕਥਨੀ ਤੇ ਕਰਨੀ ਕਰਕੇ ਅੱਜ ਵੀ ਸਾਰੀ ਮਾਨਵਤਾ ਵੱਲੋਂ ਸਤਿਕਾਰੇ ਜਾਂਦੇ ਹਨ। ਅਜਿਹੀ ਹੀ ਇੱਕ ਸਖਸ਼ੀਅਤ ਦਾ ਨਾਂ ਹੈ ਭਾਈ ਕਨ੍ਹਈਆ ਜੀ, ਜਿਨ੍ਹਾਂ ਬਾਰੇ ਸੁਣਦਿਆਂ ਹੀ ਮਨ ਵਿੱਚ ਸਤਿਕਾਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ।



ਭਾਈ ਕਨ੍ਹਈਆ ਜੀ ਦਾ ਜਨਮ ਸੰਨ 1647 ਈਸਵੀ ਨੂੰ ਦਰਿਆ ਚਨਾਬ ਦੇ ਕਿਨਾਰੇ ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ ਤੇ ਇਕ ਪਿੰਡ ਸੋਧਰਾ ਵਿਖੇ ਹੋਇਆ। ਇਸ ਨਗਰ ਦੇ ਸੌ ਦਰਵਾਜ਼ੇ ਹੋਣ ਕਰਕੇ ਇਸ ਦਾ ਨਾਂ 'ਸੌ ਦਰਾ' ਪੈ ਗਿਆ ਸੀ, ਜੋ ਬਾਅਦ ਵਿੱਚ 'ਸੋਧਰਾ' ਕਰਕੇ ਪ੍ਰਸਿੱਧ ਹੋਇਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਗਤ ਵਿੱਚ ਆ ਕੇ ਭਾਈ ਕਨਈਆ ਜੀ ਪੂਰਨ ਤੌਰ 'ਤੇ ਸੇਵਾ ਨੂੰ ਹੀ  ਸਮਰਪਿਤ ਹੋ ਗਏ। ਗੁਰੂ ਸਾਹਿਬ ਦੇ

ਹੁਕਮ ਅਨੁਸਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਜਲ ਦੀ ਸੇਵਾ ਨਿਭਾਉਣ ਲੱਗੇ। ਦਿਨ-ਰਾਤ ਗੁਰੂ-ਗੁਰੂ ਜਪਦੇ ਤੇ ਸੇਵਾ ਕਰਦੇ। ਸੇਵਾ ਕਰਦੇ-ਕਰਦੇ ਸੇਵਾ ਦਾ ਹੀ ਰੂਪ ਹੋ ਜਾਂਦੇ। ਜਦੋਂ ਵੀ ਕੋਈ ਹੁਕਮ ਮਿਲਦਾ ਉਸੇ ਸਮੇਂ ਤਿਆਰ-ਬਰ-ਤਿਆਰ ਸੇਵਾ ਵਿੱਚ ਹਾਜ਼ਰ ਹੋ ਜਾਂਦੇ। ਗੁਰੂ ਸਾਹਿਬ ਨੇ ਇਨ੍ਹਾਂ ਦੀ ਸਹਿਨਸ਼ੀਲਤਾ ਤੇ ਉੱਚੀ ਅਵਸਥਾ ਨੂੰ ਪਰਖਣ ਲਈ ਸਮੇਂ-ਸਮੇਂ ਤੇ ਅਨੇਕਾਂ ਇਮਤਿਹਾਨ ਵੀ ਲਏ ਤੇ ਭਾਈ ਸਾਹਿਬ ਹਰ ਇਮਤਿਹਾਨ ਦੀ ਕਸਵੱਟੀ 'ਤੇ ਖਰੇ ਉਤਰੇ। ਸੇਵਾ ਕਰਦੇ ਕਰਦੇ ਭਾਈ ਕਨ੍ਹਈਆ ਜੀ ਨੂੰ ਸਿਮਰਨ ਦੀ ਐਸੀ ਚੇਟਕ ਲੱਗੀ ਕਿ ਅੱਠੇ ਪਹਿਰ ਪ੍ਰਭੂ-ਸਿਮਰਨ ਵਿੱਚ ਹੀ ਲੀਨ ਰਹਿੰਦੇ। ਸੇਵਾ ਸਿਮਰਨ ਦੀ ਬਰਕਤ ਨਾਲ ਪੂਰਨ ਬ੍ਰਹਮ ਗਿਆਨ ਦੀ ਉਸ ਅਵਸਥਾ ਨੂੰ ਪ੍ਰਾਪਤ ਕਰ ਗਏ। ਜਿਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫੁਰਮਾਨ ਕਰਦੇ ਹਨ :

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥

ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ : 272)

ਅਤੇ

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥

ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ :272)

ਸਮਾਂ ਆਪਣੀ ਚਾਲ ਤੁਰਦਾ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਮੰਨ ਕੇ ਆਪ ਆਪਣੇ ਸ਼ਹਿਰ 'ਸੋਧਰਾ' ਆ ਗਏ ਤੇ ਇਲਾਕੇ ਵਿੱਚ ਜਲ ਦੀ ਸਮੱਸਿਆ ਨੂੰ ਦੂਰ ਕਰਨ ਲਈ ਕਈ ਯਤਨ ਕੀਤੇ। ਉਨ੍ਹਾਂ ਦੀ ਪਰ-ਉਪਕਾਰ ਵਾਲੀ ਸ਼ਖ਼ਸੀਅਤ ਦਾ ਇਲਾਕੇ ਦੇ ਲੋਕਾਂ 'ਤੇ ਬਹੁਤ ਚੰਗਾ ਪ੍ਰਭਾਵ ਪਿਆ। ਆਪ ਸੇਵਾ-ਸਿਮਰਨ ਦੇ ਨਾਲ ਸਿੱਖੀ ਦੇ ਪ੍ਰਚਾਰ ਵਿੱਚ ਵੀ ਲੱਗ ਗਏ।

ਇਤਿਹਾਸ ਨੇ ਨਵੀਂ ਕਰਵਟ ਲਈ। ਹਿੰਦੂ ਧਰਮ ਦੀ ਰੱਖਿਆ ਲਈ ਪੁਕਾਰ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਗਏ 'ਤੇ ਤਿਲਕ ਜੰਞੂ ਦੀ ਰਾਖੀ ਲਈ ਚਾਂਦਨੀ ਚੌਂਕ ਵਿਖੇ ਸ਼ਹੀਦ ਹੋ ਗਏ। ਗੁਰੂ ਸਾਹਿਬ ਦੀ ਸ਼ਹੀਦੀ ਦੀ ਖ਼ਬਰ ਸੁਣਦਿਆਂ ਹੀ ਭਾਈ ਕਨ੍ਹਈਆ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਪੁੱਜੇ ਤੇ ਮੁੜ ਆਪਣੀ ਜਲ ਦੀ ਸੇਵਾ ਵਿੱਚ ਜੁੱਟ ਗਏ। ਗੁਰੂ ਸਾਹਿਬ ਇਨ੍ਹਾਂ ਦੇ ਸੇਵਾ ਭਾਵੋਂ ਬਹੁਤ ਪ੍ਰਸੰਨ ਸਨ।

ਧਰਮ ਦੀ ਰੱਖਿਆ ਤੇ ਜ਼ੁਲਮ ਨੂੰ ਠੱਲਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਚੁੱਕੀ ਤੇ ਅਨੇਕਾਂ ਜੰਗਾਂ ਲੜੀਆਂ। ਜੰਗਾਂ-ਯੁੱਧਾਂ ਦੇ ਇਸ ਦੌਰ ਵਿੱਚ ਭਾਈ ਕਨ੍ਹਈਆ ਜੀ ਇਕ ਰਸ ਜਲ ਦੀ ਸੇਵਾ ਨਿਭਾਉਣ ਲੱਗੇ। ਸੰਨ 1687 ਨੂੰ ਪਹਾੜੀ ਰਾਜਿਆਂ ਤੇ ਮੁਗਲਾਂ ਨਾਲ ਭਿਆਨਕ ਲੜਾਈ ਹੋਈ। ਭੰਗਾਣੀ ਦੀ ਰਣਭੂਮੀ ਵਿੱਚ ਆਪ ਚਿੱਟੇ ਬਸਤਰ ਪਾਈ ਮੋਢੇ 'ਤੇ ਪਾਣੀ ਦੀ ਮਸ਼ਕ ਲਟਕਾਈ ਗੁਰੂ ਦਾ ਨਾਮ ਜਪਦੇ ਵਿਚਰਦੇ ਤਾਂ ਵੇਖਣ ਵਾਲੇ ਦੀਆਂ ਅੱਖਾਂ ਨੂੰ ਠੰਡ ਪੈਂਦੀ। ਉਨ੍ਹਾਂ ਦੀ ਸੇਵਾ ਜੰਗ ਵਿੱਚ ਜੂਝਦੇ ਸਿੰਘਾਂ ਨੂੰ ਜਲ ਪਿਆਉਣ ਦੀ ਲੱਗੀ ਸੀ।

ਜੰਗ ਦੇ ਮੈਦਾਨ ਵਿੱਚ ਜਲ ਦੀ ਸੇਵਾ ਨਿਭਾਉਂਦਿਆਂ ਉਨ੍ਹਾਂ ਦੀ ਬਿਰਤੀ ਸਮਦਰਸੀਂ ਹੋ ਗਈ। ਜਲ ਦੀ ਸੇਵਾ ਕਰਦਿਆਂ ਉਨ੍ਹਾਂ ਨੂੰ ਆਪਣੇ-ਪਰਾਏ ਦਾ ਖਿਆਲ ਹੀ ਭੁੱਲ ਗਿਆ। ਗੁਰਬਾਣੀ ਦਾ ਫੁਰਮਾਨ ਹੈ-

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ : 1299)

ਭਾਈ ਸਾਹਿਬ ਹੁਣ ਫੱਟੜ ਤੇ ਪਿਆਸੇ ਸਿੰਘਾਂ ਦੇ ਨਾਲ-ਨਾਲ ਵੈਰੀਆਂ ਨੂੰ ਵੀ ਜਲ ਛਕਾਉਣ ਲੱਗੇ। ਜਦੋਂ ਜੰਗ ਵਿੱਚ ਜੂਝਦੇ । ਸਿੰਘਾਂ ਨੇ ਭਾਈ ਕਨ੍ਹਈਆ ਜੀ ਦਾ ਇਹ ਰਵੱਈਆ ਵੇਖਿਆ ਤਾਂ ਉਹ ਬੜੇ ਖ਼ਫ਼ਾ ਹੋਏ ਤੇ ਗੁਰੂ ਸਾਹਿਬ ਪਾਸ ਸ਼ਿਕਾਇਤ ਲੈ ਕੇ ਪਹੁੰਚੇ ਕਿ ਭਾਈ ਕਨ੍ਹਈਆ ਜੀ ਦੁਸ਼ਮਣਾਂ ਨਾਲ ਰਲ ਗਏ ਹਨ, ਦੁਸ਼ਮਣਾਂ ਨੇ ਇਨ੍ਹਾਂ ਨੂੰ ਖਰੀਦ ਲਿਆ ਹੈ।

ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਭਾਈ ਸੰਤੋਖ ਸਿੰਘ ਜੀ ਇਸ ਘਟਨਾ ਬਾਰੇ ਲਿਖਦੇ ਹਨ :

ਜਿਮ ਸਿੰਘਨ ਕੋ ਜਾਇ ਪਿਲਾਵੈ॥

ਤਿਮ ਤੁਰਕਨ ਕਉ ਜਾਇ ਤ੍ਰਿਪਤਾਵੈ॥

ਜਾਣੀ-ਜਾਣ ਦਸ਼ਮੇਸ਼ ਪਿਤਾ ਨੇ ਭਾਈ ਕਨ੍ਹਈਆ ਜੀ ਨੂੰ ਸਵੇਰੇ ਦਰਬਾਰ ਵਿੱਚ ਹਾਜ਼ਰ ਹੋਣ ਦਾ ਹੁਕਮ ਦਿੱਤਾ ਤੇ ਸਿੰਘਾਂ ਵੱਲੋਂ ਲਾਏ ਇਲਜ਼ਾਮ ਦਾ ਜੁਆਬ ਦੇਣ ਨੂੰ ਕਿਹਾ। ਭਾਈ ਕਨ੍ਹਈਆ ਜੀ ਨੇ ਅਤਿ ਨਿਮਰਤਾ ਵਿੱਚ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ ਜੀਓ! ਮੈਨੂੰ ਤਾਂ ਕੋਈ ਦੁਸ਼ਮਣ ਨਜ਼ਰ ਨਹੀਂ ਆਉਂਦਾ। ਮੈਨੂੰ ਤਾਂ ਜਿੱਥੋਂ "ਪਾਣੀ-ਪਾਈਂ ਦੀ ਆਵਾਜ਼ ਆਉਂਦੀ ਹੈ ਤਾਂ ਇਉਂ ਜਾਪਦਾ ਹੈ ਕਿ ਤੁਸੀਂ ਆਪ ਹੀ ਸਾਰੀਆਂ ਥਾਵਾਂ ਤੇ ਪਾਣੀ ਮੰਗ ਰਹੇ ਹੋ। ਮੈਂ ਤਾਂ ਰਣਭੂਮੀ ਵਿੱਚ ਆਪ ਜੀ ਦੀ ਹੀ ਸੇਵਾ ਕਰ ਰਿਹਾ ਹਾਂ।"

ਗੁਰੂ ਜੀ ਕਨ੍ਹਈਆ ਜੀ ਦਾ ਸਹਿਜ-ਗਿਆਨ ਭਰਪੂਰ ਵਾਲਾ ਜੁਆਬ ਸੁਣ ਕੇ ਗਦ-ਗਦ ਹੋ ਗਏ ਤੇ ਉਹਨਾਂ ਨੂੰ ਥਾਪੜਾ ਦਿੱਤਾ। ਹੁਣ ਗੁਰੂ ਜੀ ਨੇ ਭਾਈ ਸਾਹਿਬ ਨੂੰ ਮਲ੍ਹਮ ਦੀ ਡੱਬੀ ਵੀ ਦਿੱਤੀ ਤੇ ਕਿਹਾ, "ਭਾਈ ਸਾਹਿਬ ਜੀਉ, ਅੱਜ ਤੋਂ ਤੁਸੀਂ ਜਲ ਪਿਆਉਣ ਦੇ ਨਾਲ-ਨਾਲ ਜਖ਼ਮੀਆਂ ਦੀ ਮਲ੍ਹਮ ਪੱਟੀ ਦੀ ਸੇਵਾ ਵੀ ਕਰਿਆ ਕਰੋ ਤੇ ਫਿਰ ਸਿੰਘਾਂ ਵੱਲ ਨਜ਼ਰ ਮਾਰ ਕੇ ਕਿਹਾ, "ਖਾਲਸਾ ਜੀਉ, ਭਾਈ ਕਨ੍ਹਈਆ ਜੀ ਨੂੰ ਕੋਈ ਨਾ ਰੋਕੇ ਤੇ ਨਾ ਹੀ ਇਨ੍ਹਾਂ ਦੀ ਕਰਨੀ ਤੇ ਸ਼ੱਕ ਕਰੇ। ਇਨ੍ਹਾਂ ਦੀ ਦ੍ਰਿਸ਼ਟੀ ਵਿੱਚ 'ਮਿਤ੍ਰ ਸਤ੍ਰ ਸਮਾਨਿ' ਹੋ ਗਏ ਹਨ। ਨਾਲ ਹੀ ਸਿੰਘਾਂ ਨੂੰ ਉਪਦੇਸ਼ ਕਰਦੇ ਕਿਹਾ ਕਿ ਸਿੱਖ ਨੂੰ ਆਪਣੇ ਮਨ ਨੂੰ ਸਹਿਜ-ਅਡੋਲ ਅਵਸਥਾ ਤੱਕ ਲੈ ਜਾਣਾ ਚਾਹੀਦਾ ਹੈ, ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ :

ਜਬ ਧਾਰੈ ਕੋਊ ਬੈਰੀ ਮੀਤੁ॥

ਤਬ ਲਗੁ ਨਿਹਚਲੁ ਨਾਹੀ ਚੀਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ : 278)

ਗੁਰੂ ਸਾਹਿਬ ਦੇ ਬਚਨਾਂ ਨਾਲ ਸਿੰਘ ਸੰਤੁਸ਼ਟ ਹੋ ਗਏ ਤੇ ਭਾਈ ਕਨ੍ਹਈਆ ਜੀ ਦਾ ਆਦਰ ਸਤਿਕਾਰ ਹੋਰ ਵਧੇਰੇ ਕਰਨ ਲੱਗੇ।

ਇਹ ਕਿਹਾ ਜਾ ਸਕਦਾ ਹੈ ਕਿ ਅਸਲ ਵਿੱਚ ਭਾਈ ਕਨ੍ਹਈਆ ਜੀ ਹੀ ਅੱਜ ਦੀ ਰੈੱਡ ਕਰਾਸ ਸੋਸਾਇਟੀ ਦੇ ਜਨਮ ਦਾਤਾ ਹਨ, ਜਿਨ੍ਹਾਂ ਨੇ ਸੰਸਾਰ ਨੂੰ ਭਾਈਚਾਰੇ ਤੇ ਨਿਰਲੇਪਤਾ ਦਾ ਸਬਕ ਪੜਾਇਆ ਹੈ। ਇਸ ਸੋਸਾਇਟੀ ਪਿੱਛੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੂਰਨ ਬਿਬੇਕੀ ਸੋਚ ਤੇ ਦੂਰ-ਅੰਦੇਸ਼ੀ ਨਜ਼ਰੀਆ ਹੀ ਕੰਮ ਕਰ ਰਿਹਾ ਹੈ।

ਅੱਜ ਵੀ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਇਸ ਮਹਾਨ ਸਖਸ਼ੀਅਤ ਨੂੰ ਵਡਿਆਉਣ ਵਾਲਾ ਸੁੰਦਰ ਗੁਰਦੁਆਰਾ ਕਿਲਾ ਤਾਰਾਗੜ੍ਹ ਦੇ ਨੇੜੇ ਸੁਸ਼ੋਭਿਤ ਹੈ। ਆਉ ਅਸੀਂ ਵੀ ਆਪਣੇ ਮਨ ਵਿੱਚੋਂ ਦੂਜੇ ਪ੍ਰਾਣੀਆਂ ਪ੍ਰਤੀ ਨਫ਼ਰਤ ਨੂੰ ਜੜੋਂ ਪੁੱਟ ਦਈਏ ਤੇ ਗੁਰੂ ਸਾਹਿਬ ਪਾਸੋਂ ਭਾਈ ਕਨ੍ਹਈਆ ਜੀ ਵਰਗੀ ਸਹਿਨਸ਼ੀਲਤਾ ਤੇ ਨਿਰਮਲ ਪ੍ਰੇਮ ਦੀ ਦਾਤ ਮੰਗੀਏ।

# ਭਾਈ ਮੀਂਹ

ਮਾਲਵੇ ਦੀਆਂ ਸੰਗਤਾਂ ਨੂੰ ਉਪਦੇਸ਼ ਕਰਕੇ ਗੁਰੂ ਜੀ ਬਾਂਗਰ ਦੇਸ਼ ਵੱਲ ਚੱਲ ਪਏ। ਗੁਰੂ ਜੀ ਮੂਣਕ ਆਦਿ ਨਗਰਾਂ ਦੇ ਲੋਕਾਂ ਨੂੰ ਦਰਸ਼ਨ ਦੀਦਾਰ ਅਤੇ ਖੁਸ਼ੀਆਂ ਬਖਸ਼ਦੇ ਹੋਏ ਘੱਗਰ ਨਦੀ ਤੋਂ ਮਰੋਕੜ ਦਾ ਪੱਤਣ ਲੰਘ ਕੇ ਧਮਧਾਣ ਪਿੰਡ ਦੇ ਕੋਲ ਇਕ ਸਰੋਵਰ ਦੇ ਕੰਢੇ ਜਾ ਬਿਰਾਜੇ। ਇਹ ਇਕ ਇਤਿਹਾਸਿਕ ਸਥਾਨ ਸੀ ਅਤੇ ਦੱਸਿਆ ਜਾਂਦਾ ਹੈ ਇਥੇ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਪੁੱਤਰਾਂ ਲਉ-ਕੁਸ਼ ਨਾਲ ਯੁੱਧ ਤੋਂ ਬਾਅਦ ਇਕ ਯੱਗ ਕੀਤਾ ਸੀ। ਇਸ ਪਿੰਡ ਵਿਚ ਇਕ ਮਸੰਦ ਦੱਗੋ ਚੌਧਰੀ ਰਹਿੰਦਾ ਸੀ। ਭਾਈ ਦੱਗੋ ਗੁਰੂ ਜੀ ਲਈ ਇਕ ਦੁੱਧ ਦੀ ਗਾਗਰ ਭਰ ਕੇ ਲੈ ਆਇਆ। ਗੁਰੂ ਜੀ ਉਸਦਾ ਪ੍ਰੇਮ ਵੇਖਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਸ ਨੂੰ ਵਰ ਦਿੱਤਾ ਕਿ ਤੇਰੇ ਘਰ ਸਦਾ ਹੀ ਦੁੱਧ ਰਹੇਗਾ। ਏਥੇ ਹੀ ਗੁਰੂ ਜੀ ਨੂੰ ਪੋਠੋਹਾਰ ਦੀ ਸੰਗਤ ਆ ਮਿਲੀ। ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਪੰਜ ਦਿਨ ਗੁਰੂ ਜੀ ਦੀ ਹਾਜ਼ਰੀ ਭਰਦੇ ਰਹੇ। ਏਥੇ ਜਿਹੜਾ ਗੁਰਦੁਆਰਾ ਬਣਿਆ ਹੈ, ਉਥੇ ਦੁੱਧ ਦਾ ਬਹੁਤ ਚੜ੍ਹਾਵਾ ਚੜ੍ਹਦਾ ਹੈ।

ਗੁਰੂ ਜੀ ਦੀ ਇਸ ਯਾਤਰਾ ਦੌਰਾਨ ਭਾਈ ਮੀਂਹ ਨੇ ਬਹੁਤ ਸੇਵਾ ਕੀਤੀ। ਗੁਰੂ ਜੀ ਜਿਥੇ ਵੀ ਡੇਰਾ ਲਾਉਂਦੇ ਭਾਈ ਮੀਂਹ ਉਥੇ ਇਸ਼ਨਾਨ ਵਾਸਤੇ ਪਾਣੀ ਦੀਆਂ ਗਾਗਰਾਂ ਭਰ ਕੇ ਲੈ ਆਉਂਦਾ। ਸਭ ਨੂੰ ਜਲ ਛਕਾ ਕੇ ਫ਼ਰਸ਼ ਤੇ ਛੜਕਾਅ ਵੀ ਕਰਦਾ। ਉਸ ਦੀ ਇਸ ਸੇਵਾ ਕਰਕੇ ਗੁਰੂ ਜੀ ਉਸ ਨੂੰ ਭਾਈ ਮੀਂਹ ਕਹਿੰਦੇ ਸਨ। ਭਾਈ ਮੀਂਹ ਅੱਠੇ ਪਹਿਰ ਗੁਰੂ ਜੀ ਦੀ ਸੇਵਾ ਵਿਚ ਲੱਗਾ ਰਹਿੰਦਾ ਸੀ ਅਤੇ ਕਿਸੇ ਸਮੇਂ ਵੀ ਸਿਰ ਤੋਂ ਬਿੰਨੂੰ ਨਹੀਂ ਉਤਾਰਦਾ ਸੀ। ਦਿਨ ਰਾਤ ਸਿਰ ਤੇ ਗਾਗਰ ਢੋਣ ਨਾਲ ਉਸਦੇ ਸਿਰ ਵਿਚ ਜ਼ਖ਼ਮ ਹੋ ਗਏ। ਇਕ ਦਿਨ ਜਦ ਭਾਈ ਮੀਂਹ ਦਾ ਬਿੰਨੂ ਡਿੱਗ ਪਿਆ ਤਾਂ ਉਸਦੇ ਸਿਰ ਵਿਚੋਂ ਕਈ ਕੀੜੇ ਵੀ ਡਿੱਗ ਪਏ। ਭਾਈ ਮੀਂਹ ਨੇ ਕੀੜਿਆਂ ਨੂੰ ਫੜਿਆ ਅਤੇ ਫਿਰ ਆਪਣੇ ਸਿਰ ਦੇ ਜ਼ਖ਼ਮਾਂ ਉੱਤੇ ਰੱਖ ਲਏ ਅਤੇ ਕੀੜਿਆਂ ਨੂੰ ਕਹਿਣ ਲੱਗਾ, "ਤੁਸੀਂ ਹੁਣ ਕਿੱਥੇ ਜਾਉਗੇ? ਤੁਹਾਡਾ ਜੀਵਨ ਹੁਣ ਮੇਰੇ ਸਿਰ ਵਿਚ ਹੀ ਹੈ।"

ਮਾਤਾ ਨਾਨਕੀ ਜੀ ਭਾਈ ਮੀਂਹ ਦੀ ਇਸ ਕਾਰਵਾਈ ਨੂੰ ਬੜੇ ਗੌਰ ਨਾਲ ਵੇਖਦੇ ਰਹੇ ਅਤੇ ਭਾਈ ਮੀਂਹ ਦੀ ਕੀੜਿਆਂ ਨੂੰ ਕਹੀ ਗੱਲ ਵੀ ਸੁਣ ਲਈ। ਮਾਤਾ ਜੀ ਦਾ ਮਨ ਪਸੀਜ ਗਿਆ। ਉਨ੍ਹਾਂ ਨੇ ਭਾਈ ਨੂੰ ਪਾਸ ਬੁਲਾਇਆ ਅਤੇ ਕਹਿਣ ਲੱਗੇ, "ਭਾਈ ਮੀਂਹ ! ਤੂੰ ਧੰਨ ਹੈਂ ! ਤੂੰ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਗੁਰੂ ਘਰ ਦੀ ਸੇਵਾ ਕੀਤੀ ਹੈ। ਤੂੰ ਆਪਣੇ ਸਰੀਰ ਦੀ ਕਦੀ ਪ੍ਰਵਾਹ ਨਹੀਂ ਕੀਤੀ। ਪੁੱਤਰ ਕਦੀ ਆਰਾਮ ਵੀ ਕਰ ਲਿਆ ਕਰ।" ਭਾਈ ਮੀਂਹ ਕਹਿਣ ਲੱਗਾ, "ਮਾਤਾ ਜੀ! ਤੁਸੀਂ ਠੀਕ ਫੁਰਮਾਉਂਦੇ ਹੋ ਮੈਨੂੰ ਆਪਣੇ ਸਰੀਰ ਦੀ ਕੋਈ ਪ੍ਰਵਾਹ ਨਹੀਂ। ਜੇ ਮੇਰੀ ਸੇਵਾ ਪ੍ਰਵਾਨ ਹੋ ਗਈ ਤਾਂ ਇਨ੍ਹਾਂ ਕੀੜਿਆਂ ਦਾ ਵੀ ਕਲਿਆਣ ਹੋ ਜਾਵੇਗਾ।" ਇਹ ਕਹਿਕੇ ਭਾਈ ਮੀਂਹ ਗਾਗਰ ਸਿਰ 'ਤੇ ਰੱਖਕੇ ਫਿਰ ਪਾਣੀ ਲੈਣ ਚਲਾ ਗਿਆ।

ਮਾਤਾ ਜੀ ਪਾਸੋਂ ਰਿਹਾ ਨਾ ਗਿਆ, ਉਨ੍ਹਾਂ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਉਨ੍ਹਾਂ ਕਿਹਾ ਕਿ ਭਾਈ ਮੀਂਹ

ਨੇ ਬਹੁਤ ਸੇਵਾ ਕੀਤੀ ਹੈ, ਇਸ ਦੀ ਜੋ ਵੀ ਮਨੋਕਾਮਨਾ ਹੋਵੇ ਪੂਰੀ ਕਰ ਦੇਵੋ। ਅਸੀਂ ਇਸ ਤੋਂ ਹੁਣ ਹੋਰ ਸੇਵਾ ਨਹੀਂ ਲੈ ਸਕਦੇ। ਇਸਦੀ ਸੇਵਾ ਦੀ ਹੱਦ ਹੋ ਚੁੱਕੀ ਹੈ।

ਗੁਰੂ ਜੀ ਨੇ ਓਸੇ ਵੇਲੇ ਭਾਈ ਮੀਂਹ ਨੂੰ ਆਪਣੇ ਪਾਸ ਬੁਲਾਇਆ ਅਤੇ ਬੜੇ ਪ੍ਰੇਮ ਨਾਲ ਆਪਣੇ ਪਾਸ ਬਿਠਾਇਆ। ਉਸ ਨੂੰ ਬੜੇ ਆਦਰ ਨਾਲ ਕਹਿਣ ਲੱਗੇ, "ਭਾਈ ਮੀਂਹ! ਤੇਰੀ ਸੇਵਾ ਗੁਰੂ ਘਰ ਵਿਚ ਪ੍ਰਵਾਨ ਹੋ ਗਈ ਹੈ, ਤੂੰ ਮੰਗ ਜੋ ਕੁਝ ਵੀ ਮੰਗਣਾ ਹੈ। ਭਾਈ ਮੀਂਹ ਕਹਿਣ ਲੱਗਾ, "ਮਹਾਰਾਜ ! ਮੈਂ ਤਾਂ ਕੇਵਲ ਆਪਦੀ ਸੇਵਾ ਹੀ ਮੰਗੀ ਸੀ ਅਤੇ ਅੱਗੇ ਤੋਂ ਵੀ ਇਹੋ ਮੰਗਦਾ ਹਾਂ ਕਿ ਗੁਰੂ ਘਰ ਦੀ ਸੇਵਾ ਕਰਦਾ ਹੀ ਅਗਲੇ ਘਰ ਚਲੇ ਜਾਵਾਂ।" ਗੁਰੂ ਜੀ ਫੁਰਮਾਇਆ, "ਭਾਈ ਮੀਂਹ, ਅਸੀਂ ਤੈਨੂੰ ਆਪਣਾ ਮਹੰਤ ਬਣਾਉਣਾ ਚਾਹੁੰਦੇ ਹਾਂ ਤਾਂ ਕਿ ਤੂੰ ਸਿੱਖੀ ਦਾ ਪ੍ਰਚਾਰ ਕਰੇਂ। ਇਸ ਲਈ ਚੰਗਾ ਹੋਵੇ ਜੇ ਤੂੰ ਆਪਣੇ ਪਿੰਡ ਹੀ ਚਲਾ ਜਾਵੇਂ।" ਪਰ ਭਾਈ ਮੀਂਹ ਨੇ ਬੇਨਤੀ ਕੀਤੀ, "ਮੈਂ ਆਪਣੀ ਸਾਰੀ ਉਮਰ ਆਪ ਜੀ ਦੀ ਸੇਵਾ ਵਿਚ ਹੀ ਗੁਜ਼ਾਰਨੀ ਚਾਹੁੰਦਾ ਹਾਂ, ਮੈਨੂੰ ਆਪਣੇ ਤੋਂ ਦੂਰ ਨਾ ਕਰੋ, ਮੈਂ ਆਪ ਜੀ ਦੇ ਦਰਸ਼ਨਾਂ ਬਗੈਰ ਜੀ ਨਹੀਂ ਸਕਦਾ। ਮੇਰਾ ਇਹ ਹੁਣ ਸੁਭਾਅ ਹੀ ਬਣ

ਗਿਆ ਹੈ ਕਿ ਮੈਨੂੰ ਆਪ ਜੀ ਦੀ ਸੇਵਾ ਵਿਚ ਹੀ ਖੁਸ਼ੀ ਮਿਲਦੀ ਹੈ। ਜੇ ਮੈਂ ਆਪਣੇ ਪਿੰਡ ਵੀ ਚਲਾ ਗਿਆ ਤਾਂ ਉਥੇ ਵੀ ਆਪ ਜੀ ਦੇ ਵੈਰਾਗ ਵਿਚ ਡੁੱਬਿਆ ਰਹਾਗਾਂ। ਭਾਈ ਮੀਂਹ ਦੇ ਇਹ ਵਿਚਾਰ ਸੁਣ ਕੇ ਗੁਰੂ ਜੀ ਨੇ ਉਸਨੂੰ ਫਿਰ ਸਮਝਾਇਆ, "ਸਾਡੀ ਤੇਰੇ ਤੇ ਪੂਰੀ ਮਿਹਰ ਹੋ ਗਈ ਹੈ, ਹੁਣ ਤੂੰ ਪੁਰਾਣਾ ਭਾਈ ਮੀਂਹ ਨਹੀਂ ਰਿਹਾ। ਹੁਣ ਤੂੰ ਜਿਥੇ ਵੀ ਜਾਵੇਗਾ ਸੰਗਤਾਂ ਤੇਰੇ ਦਰਸ਼ਨਾਂ ਦੀ ਤਾਂਘ ਲੈ ਕੇ ਹਾਜ਼ਰ ਹੋਣਗੀਆਂ। ਉਹ ਤੇਰੇ ਅੱਗੇ ਕਾਰ-ਭੇਟਾ ਵੀ ਅਰਪਣ ਕਰਨਗੀਆ ਅਤੇ ਤੁਸੀਂ ਉਸ ਕਾਰ-ਭੇਟਾ ਵਿਚੋਂ ਹੀ ਗੁਰੂ ਦਾ ਲੰਗਰ ਚਲਾਉਣਾ ਹੈ।

ਭਾਈ ਮੀਂਹ ਨੇ ਗੁਰੂ ਜੀ ਦੀ ਆਗਿਆ ਨੂੰ ਪ੍ਰਵਾਨ ਕਰ ਲਿਆ ਅਤੇ ਆਪਣੇ ਪਿੰਡ ਜਾਣਾ ਮੰਨ ਗਿਆ। ਗੁਰੂ ਜੀ ਨੇ ਕਿਉਂਕਿ ਉਸਨੂੰ ਮਹੰਤੀ ਥਾਪੀ ਸੀ ਇਸ ਲਈ ਜਦ ਚੱਲਣ ਲੱਗਾ ਤਾਂ ਉਸਨੂੰ ਇਕ ਦੱਖਣੀ ਬਲਦ, ਇਕ ਨਗਾਰਾ, ਇਕ ਭਗਵਾ ਝੰਡਾ ਅਤੇ ਇਕ ਘੋੜਾ ਬਖਸ਼ਿਆ। ਉਸ ਨੂੰ ਇਹ ਵੀ ਉਪਦੇਸ਼ ਦਿੱਤਾ ਕਿ ਗੁਰੂ ਦਾ ਨਾਮ ਜਪੀ ਅਤੇ ਹੋਰਨਾਂ ਨੂੰ ਜਪਾਵੀਂ। ਸਿੱਖੀ ਧਰਮ ਬਾਰੇ ਲੋਕਾਂ ਨੂੰ ਜਾਣਕਾਰੀ ਦੇਵੀਂ ਅਤੇ ਸੱਚੇ ਧਰਮ ਦਾ ਪ੍ਰਚਾਰ ਕਰੀਂ। ਇਹ ਉਪਦੇਸ਼ ਦੇ ਕੇ ਗੁਰੂ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਭਾਈ ਮੀਂਹ ਦੇ ਹਿਰਦੇ ਵਿਚ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰ ਦਿੱਤਾ।

ਭਾਈ ਮੀਂਹ ਗੁਰੂ ਜੀ ਤੋਂ ਇਹ ਬਖਸ਼ਿਸ਼ ਪ੍ਰਾਪਤ ਕਰਕੇ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਦੇ ਹੁਕਮ ਅਨੁਸਾਰ ਨਾਮ ਜਪਣ ਲੱਗਾ, ਲੋੜਵੰਦਾਂ ਦੀ ਮਦਦ ਕਰਦਾ ਅਤੇ ਸਾਰੀ ਉਮਰ ਦੁਖੀਆਂ ਦਾ ਸਹਾਰਾ ਬਣਿਆ ਰਿਹਾ ਹੈ।

# ਧੀਰਜ ਕਰਨਾ

ਕਲੇਸ਼ ਜਾਂ ਵਿਪਰੀਤ ਸਥਿਤੀ ਵਿੱਚ ਚਿੱਤ ਜਾਂ ਮਨ ਨੂੰ ਸ਼ਾਂਤ ਰੱਖਣਾ, ਧੀਰਜ ਅਖਵਾਉਂਦਾ ਹੈ। ਧੀਰਜ ਇਕ ਮਹਾਨ ਗੁਣ ਅਤੇ ਸ਼ਕਤੀ ਹੈ, ਜੋ ਇਕ ਆਮ ਸਰੀਰ ਨੂੰ ਅਧਿਆਤਮਕ ਤੌਰ 'ਤੇ ਬਹੁਤ ਉੱਚੇ ਪੱਧਰ 'ਤੇ ਪਹੁੰਚਾ ਦੇਂਦੀ ਹੈ।

ਧੀਰਜ ਰੱਖਣ ਵਾਲਾ ਮਨ ਅਤੇ ਦਿਮਾਗ ਕਰਕੇ ਬਹੁਤ ਤੇਜ ਹੁੰਦਾ ਹੈ। ਉਸਦੇ ਦੋਸਤ, ਮਿੱਤਰਾਂ ਅਤੇ ਗੁਆਢੀਆਂ ਨਾਲ ਬਹੁਤ ਚੰਗੇ ਸੰਬੰਧ ਹੁੰਦੇ ਹਨ। ਧੀਰਜ ਨਾਲ ਕੀਤੇ ਕੰਮ ਸਾਨੂੰ ਆਪਣੀ ਮੰਜ਼ਿਲ ਤੱਕ ਪਹੁੰਚਾਉਣ ਵਿਚ ਸਹਾਇਕ ਹੁੰਦੇ ਹਨ।

ਧੀਰਜਵਾਨ ਉਹ ਹੁੰਦਾ ਹੈ, ਜੋ ਕਲੇਸ਼ ਵਿਚ ਆਪਣੇ ਆਪ ਨੂੰ ਸ਼ਾਂਤ ਰੱਖਦਾ ਹੈ ਅਤੇ ਸੋਚ ਵਿਚਾਰ ਕੇ ਕਦਮ ਪੁੱਟਦਾ ਹੈ। ਜਦੋਂ ਵੀ ਸਾਡੀ ਜ਼ਿੰਦਗੀ ਵਿਚ ਸਥਿਤੀਆਂ ਵਿਪਰੀਤ ਹੋਣ ਜਾਂ ਕਲੇਸ਼ ਹੋਵੇ ਸਾਨੂੰ ਆਪਣੇ ਮਨ ਨੂੰ ਸ਼ਾਂਤ ਰੱਖ ਕੇ ਸੋਚ ਵਿਚਾਰ ਕੇ ਧੀਰਜ ਨਾਲ ਫੈਂਸਲਾ ਲੈਣਾ ਚਾਹੀਦਾ ਹੈ।

ਸਭ ਤੋਂ ਵੱਡੀ ਮਿਸਾਲ ਹਨ ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਨੇ ਧੀਰਜ ਧਾਰਣ ਕਰੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਉਪਰੰਤ ਸਿੱਖੀ ਦੀ ਸੰਭਾਲ ਕੀਤੀ। ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਹਰ ਵੱਡੇ ਕਸ਼ਟ ਨੂੰ ਬੜੀ ਸਰਲਤਾ ਨਾਲ ਸ਼ਾਂਤ ਕਰ ਦੇਂਦੇ ਸਨ।

## ਗੁਰੂ ਹਰੀ ਸਿੰਘ ਜੀ ਦਾ ਨਿੱਤ-ਕਰਮ।

ਇੱਕੋ ਸਮੇਂ ਵਿੱਚ ਵੱਖ-ਵੱਖ ਧਰਮਾਂ ਦੇ ਅਨੇਕਾਂ ਗੁਰੂ ਅਥਵਾ ਧਰਮਾਚਾਰਯ ਵੇਖੇ ਜਾ ਸਕਦੇ ਹਨ। ਪਰ ਗੁਰੂ ਨਾਨਕ ਪ੍ਰੰਪਰਾ ਦੇ ਵਾਰਸਾਂ ਨੂੰ ਤਾਂ ਪਹਿਲੇ ਗੁਰੂਆਂ ਦੀ ਜੀਵਨ ਮਰਿਯਾਦਾ ਤੋਂ ਹੀ ਜਾਣਿਆ ਜਾ ਪਰਖਿਆ ਜਾ ਸਕਦਾ ਹੈ। ਭਾਵੇਂ ਸਤਿਗੁਰੂ ਸਾਡੀ ਜਾਂਚ ਪਰਖ ਤੋਂ ਬਹੁਤ ਉਚੇਰੇ ਹੁੰਦੇ ਹਨ ਤੇ "ਪਿਤਾ ਕਾ ਜਨਮ ਕੀ ਜਾਨੈ ਪੂਤ" ਵਾਂਗ ਸਾਡਾ ਅਧਿਕਾਰ ਹੀ ਇਹ ਨਹੀਂ ਹੁੰਦਾ ਕਿ ਅਸੀਂ ਸਤਿਗੁਰੂ ਮਹਾਨ ਦੀ ਪਰਖ ਕਰੀਏ ਜਾਂ ਇਸ ਨੂੰ ਕਸਵੱਟੀ ਲਾਈਏ ਪਰ ਕਈ ਵਾਰ ਸਾਡਾ ਸ਼ੰਕਾਲੂ ਮਨ ਐਸੀ ਟੋਹਾ ਟਾਹੀ ਬਿਨਾਂ ਰਹਿੰਦਾ ਨਹੀਂ।



ਪਾਠਕਾਂ ਦੀ ਜਾਣਕਾਰੀ ਲਈ ਮੈਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦਿਨ-ਚਰਯਾ ਪੇਸ਼ ਕਰਦਾ ਹਾਂ ਤਾਂ ਕਿ ਉਨ੍ਹਾਂ ਦੀ ਸ਼ਖਸੀਅਤ ਉਭਾਰਨ ਵਾਲਾ ਉਹ ਸਾਰਾ ਕਾਰਜ ਕਰਮ ਅੱਖਾਂ ਅੱਗੇ ਆ ਜਾਏ ਜਿਸ ਕਾਰਨ ਕਰਕੇ ਆਪ ਮਿੱਠੇ ਪ੍ਰਭਾਵ ਨਾਲ ਹੌਲੀ-ਹੌਲੀ ਉਸ ਸਿੱਖੀ ਵਿੱਚ ਪੂਰੀ ਤਰਾਂ ਪੁੱਜੇ ਸਤਿਕਾਰੇ ਜਾਣ ਲੱਗੇ। ਜਿਸ ਨੂੰ ਅੰਗਰੇਜ਼ ਦੇ ਜ਼ੁਲਮੋਂ ਤਸ਼ੱਦਦ ਨੇ ਸਦਾ ਲਈ ਤਬਾਹ ਕਰ ਦੇਣ ਦੀ ਠਾਣੀ ਹੋਈ ਸੀ।

ਸ੍ਰੀ ਸਤਿਗੁਰੂ ਜੀ ਰੋਜ਼ਾਨਾ 2 ਵਜੇ ਅੰਮ੍ਰਿਤ ਵੇਲੇ ਆਪਣੀ ਸੁਖ-ਸ਼ੇਜਾ ਦਾ ਤਿਆਗ ਕਰਦੇ। ਆਪ ਜੀ ਦਾ ਨਿਵਾਸ ਪਹਿਲਾਂ ਹੀ ਆਮ ਕਰਕੇ ਉਹੋ ਚੁਬਾਰਾ ਰਿਹਾ, ਜੋ ਅੱਜ ਗੱਦੀ ਸਾਹਿਬ ਵਾਲਾ ਚੁਬਾਰਾ ਨਾਮ ਨਾਲ ਪ੍ਰਸਿੱਧ ਹੈ। ਪਰ ਬੁਢਾਪੇ ਦੇ ਅੰਤਿਮ ਚਰਨ ਵਿੱਚ ਤਾਂ ਆਪ ਦਾ ਇਹ ਅਨਿਖੜਵਾਂ ਅੰਗ ਹੋ ਗਿਆ। ਇਥੇ ਆਪ ਜੀ ਦੇ ਹਜ਼ੂਰੀਏ ਭਾਈ ਰਾਗਾ ਸਿੰਘ ਜੀ (ਪਿੰਡ ਬਗੁਲੀ ਜ਼ਿਲਾ ਲੁਧਿਆਣਾ) ਆਪ ਜੀ ਦੀ ਸੇਵਾ ਵਿੱਚ ਟਹਿਲ ਵਾਸਤੇ ਸਦਾ ਨਾਲ ਰਹਿੰਦੇ। ਬਿਰਾਜ ਉੱਠਣ ਤੋਂ ਬਾਅਦ ਆਪ ਰਾਗਾ ਸਿੰਘ ਜੀ ਨੂੰ ਨਾਲ ਲੈ ਜੰਗਲ ਜਾਂਦੇ। ਰਾਗਾ ਸਿੰਘ ਜੀ ਦੋ ਜਲ ਦੇ ਗੜਵੇ ਭਰਕੇ ਨਾਲ ਨਾਲ ਚਲਦੇ। ਇੱਕ ਆਪਣੀ ਵਰਤੋਂ ਲਈ, ਦੂਜਾ ਗੁਰੂ ਹਰੀ ਸਿੰਘ ਜੀ ਵਾਸਤੇ।ਜੰਗਲ ਜਾ ਕੇ ਇੱਕ ਵਾਰ ਤਾਂ ਬਾਹਰ ਰੇਤ ਨਾਲ ਹੱਥ ਪੰਜ ਵਾਰ ਮਾਂਜਦੇ। ਦੂਜੀ ਵਾਰ ਡੇਰੇ ਆ ਕੇ ਏਨੀਂ ਵਾਰ ਹੀ ਹੱਥ ਸੁਕਮਾਂਜ ਕਰਦੇ। ਕੁਰਲਾ ਕਰਕੇ ਦਾਤਣ ਕਰਦੇ। ਜਿੰਨੀ ਵਾਰ ਦਾਤਣ ਮੂੰਹੋਂ ਬਾਹਰ ਕੱਢਦੇ ਓਨੀ ਵਾਰ ਹੀ ਧੋ ਕੇ ਮੂੰਹ ਵਿੱਚ ਪਾਂਦੇ।

ਫਿਰ ਇਸ਼ਨਾਨ ਵੀ ਇਸੇ ਚੁਬਾਰੇ ਉੱਤੇ ਹੀ ਹੁੰਦਾ। ਜਲ ਪਹਿਲਾਂ ਭਰਕੇ ਰੱਖ ਲਿਆ ਜਾਂਦਾ ਜਾਂ ਸਮੇਂ ਅਨੁਸਾਰ ਉਸੇ ਵਕਤ ਮੰਗਵਾ ਕੇ ਇਸ਼ਨਾਨ ਕਰ ਲਿਆ ਜਾਂਦਾ। ਹਰ ਇਸ਼ਨਾਨ ਨਾਲ ਨਵੇਂ ਬਸਤਰ ਪਾਏ ਜਾਂਦੇ ਜੋ ਆਮ ਕਰਕੇ ਸ਼ੁੱਧ ਖੱਦਰ ਦੇ ਹੀ ਹੁੰਦੇ।ਮਰਿਯਾਦਾ ਅਨੁਸਾਰ ਕਛਹਿਰੇ ਦਾ ਇੱਕ ਪਹੁੰਚਾ ਲਾਹ ਕੇ ਦੂਜਾ ਪਾਇਆ ਜਾਂਦਾ ਤੇ ਫੇਰ ਦੂਜੇ ਚਰਨ ਵਿਚੋਂ ਪਾਉਂਚਾ ਉਤਾਰਿਆ ਜਾਂਦਾ। ਮਨੋਰਥ ਇਹ ਕਿ ਕਿਸੇ ਸਮੇਂ, ਇੱਕ ਪਲ ਲਈ ਕਛਹਿਰੇ ਤੋਂ ਬਿਨਾਂ ਨਾ ਰਹੇ।

ਇਸ਼ਨਾਨ ਕਰ ਚੁੱਕਣ ਤੋਂ ਬਾਅਦ ਆਪ ਜੀ ਤਾਂ ਏਸ ਚੁਬਾਰੇ ਦੇ ਅੰਦਰਵਾਰ ਆਸਣ ਵਿਛਾ ਕੇ ਭਜਨ ਕਰਨ ਲਈ ਬੈਠ ਜਾਂਦੇ। ਬਾਹਰ ਬਰਾਂਡੇ ਵਿੱਚ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ। ਜੀਵਨ ਦੇ ਆਖਰੀ ਦੋ ਦਹਾਕਿਆਂ ਵਿੱਚ ਤਾਂ ਆਸਾ ਦੀ ਵਾਰ ਲਾਉਣ ਵਾਲੀ ਟੀਮ ਵੀ ਇਹ ਸੀ: ਮਹੰਤ ਗੁਰਦਿੱਤ ਸਿੰਘ (ਪਿੰਡ ਮੋਰੋਂ, ਜ਼ਿਲਾ ਜਲੰਧਰ) ਤੰਬੂਰਾ ਵਜਾ ਕੇ ਗਾਉਂਦੇ।ਮਾਈ ਹੁਕਮੀ ਜੀ (ਪਿੰਡ ਵਰਿਆਂਹ, ਜ਼ਿਲਾ ਅੰਮ੍ਰਿਤਸਰ), ਮਾਈ ਗੁਰਦੇਈ ਜੀ (ਖੰਨਾ, ਲੁਧਿਆਣਾ), ਕੀਰਤਨ ਵਿੱਚ ਸਾਥ ਦਿੰਦੇ।ਇਹ ਦੋਵੇਂ ਮਾਈਆਂ ਸਿਰ ਤੇ ਜੂੜਾ ਕਰ ਦਸਤਾਰ ਸਜਾਂਦੀਆਂ। ਇਸ ਕੀਰਤਨੀ ਜਥੇ ਵਿੱਚ ਢੋਲਕੀ ਸੰਤ ਵਜ਼ੀਰ ਸਿੰਘ ਜੀ (ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਿਦਆਲ ਸਿੰਘ ਜੀ ਨੂੰ ਬਚਪਨ ਵਿੱਚ ਖਿਡਾਇਆ ਸੀ) ਵਜਾਇਆ ਕਰਦੇ। ਸੂਰਜ ਦੇ ਚੜ੍ਹਾਅ ਨਾਲ ਵਾਰ ਦਾ ਭੋਗ ਪੈ ਜਾਂਦਾ ਤੇ ਇਸ ਸਮੇਂ ਤੱਕ ਸ੍ਰੀ ਗੁਰੂ ਹਰੀ ਸਿੰਘ ਜੀ ਚੰਡੀ ਦੀ ਵਾਰ ਦਾ ਪਾਠ ਆਪਣੀ ਲਿਖਤੀ ਪੋਥੀ ਤੋਂ ਕਰ ਲੈਂਦੇ।

ਦੀਵਾਨ ਤੋਂ ਫਾਰਗ ਹੋ ਸਤਿਗੁਰੂ ਬਦਾਮਾਂ ਦੀ (ਤਦ ਤੱਕ ਤਿਆਰ ਕਰ ਲਈ ਗਈ) ਸ਼ਰਦਾਈ ਛਕਦੇ। ਇਸ ਮੌਕੇ ਜਲ ਪਾਣੀ ਆਦਿ ਦੀ ਸੇਵਾ ਅੰਮ੍ਰਿਤਸਰੀਏ ਮਹੰਤ ਹਜਾਰਾ ਸਿੰਘ ਜੀ ਪ੍ਰੇਮ ਪੂਰਵਕ ਕਰਦੇ। ਸਰੀਰ ਬਿਰਧ ਹੋ ਜਾਣ ਕਾਰਣ ਸੱਚੇ ਪਾਤਸ਼ਾਹ ਆਪਣੇ ਹੱਥ ਵਿੱਚ ਇੱਕ ਚਾਂਦੀ ਦੀ ਮੁੱਠ ਵਾਲੀ ਬੈਂਤ ਦੀ ਸੋਟੀ ਆਮ ਤੁਰਨ ਫਿਰਨ ਲਈ ਵਰਤਿਆ ਕਰਦੇ। ਸ਼ਰਦਾਈ ਉਪਰੰਤ ਚੁਬਾਰਿਉਂ ਉਤਰ ਕੇ ਇੱਕ ਵਾਰ ਸਾਰੇ ਪ੍ਰਬੰਧ ਵੱਲ ਝਾਤੀ ਮਾਰੀ ਜਾਂਦੀ। ਘੋੜਿਆਂ ਦੇ ਤਬੇਲੇ ਅਤੇ ਗਊਆਂ ਮੱਝਾਂ ਦੇ ਵਾੜੇ ਵੱਲ ਫੇਰਾ ਵੱਜਦਾ। ਪਸ਼ੂਆਂ ਦੇ ਸੇਵਾਦਾਰ ਤਦ ਤੱਕ ਤਿਆਰ ਹੋ ਕੇ ਆਪਣੇ-ਆਪਣੇ ਪਸ਼ੂਆਂ ਦੇ ਪਾਸ ਖਲੋ ਜਾਂਦੇ। ਸਤਿਗੁਰੂ ਜੀ ਸਮੇਂ ਅਨੁਕੂਲ ਬਚਨ ਕਰਦੇ ਕਰਾਂਦੇ ਤੂੜੀ ਪੱਠੇ ਦੀ ਗਲਤ ਵਰਤੋਂ ਲਈ ਤਾੜਦੇ, ਸਹੀ ਵਰਤੋਂ ਲਈ ਜਾਚ ਦੱਸਦੇ, ਸੰਜਮ ਨਾਲ ਚੱਲਣ ਦੀ ਸਿੱਖਿਆ ਦਿੰਦੇ। ਨਵੇਂ ਤਬੇਲੇ ਦਾ ਜੋ ਰਾਮ ਸਰ ਵੱਲ ਨੂੰ ਦਰਵਾਜ਼ਾ ਹੈ ਇਸ ਦੀ ਚਾਬੀ ਤਾਂ ਪੁਲਿਸ ਵਾਲਿਆਂ ਕੋਲ ਰਹਿੰਦੀ। ਸੋ ਵਾਪਸੀ ਤਬੇਲੇ ਵਾਲੀ ਡਿਓੜੀ ਥਾਣੀ ਹੀ ਹੁੰਦੀ।

ਤਬੇਲਿਆਂ ਦਾ ਚੱਕਰ ਮਾਰ, ਕਿਸੇ ਹੋਰ ਨਵੇਂ ਆਏ ਦੀ ਗੱਲ ਬਾਤ ਸੁਣ ਜਾਂ ਕਿਸੇ ਲੋੜਵੰਦ ਲਈ ਜ਼ਰੂਰੀ ਹੁਕਮ ਜਾਰੀ ਕਰਕੇ ਸ੍ਰੀ ਸਤਿਗੁਰੂ ਜੀ ਭਾਈ ਰਾਗਾ ਸਿੰਘ ਜੀ ਨੂੰ ਨਾਲ ਲੈ ਕੇ ਜੰਗਲ ਪਾਣੀ ਜਾਂਦੇ। ਭਾਈ ਸਾਹਿਬ ਦੇ ਹੱਥੀਂ ਲੋਹੇ ਦੇ ਦੋ ਵੱਡੇ ਗੜਵੇ ਜਲ ਦੇ ਫੜੇ ਹੁੰਦੇ ਅਤੇ ਸਤਿਗੁਰੂ ਜੀ ਮਾਲਾ ਫੇਰਦੇ ਚੱਲ ਪੈਂਦੇ। ਕਈ ਵਾਰ ਪੁਲਸੀਏ ਵੀ ਦੂਰ-ਦੂਰ ਰਹਿ ਆਪਦਾ ਪਿੱਛਾ ਕਰਦੇ। ਪਰ ਬਾਹਲਾ ਨਜ਼ਦੀਕ ਜਾਣ ਦੀ ਜ਼ੁਰਤ ਨਾ ਕਰਦੇ।

ਇੰਝ ਬਾਹਰ ਗਿਆਂ ਘੰਟਾ ਦੋ ਘੰਟੇ ਕਿਸੇ ਰੁਖ ਬਿਰਖ ਦੀ ਓਟ ਵਿੱਚ ਬੈਠ ਕੁਝ ਸਮਾਂ ਭਜਨ ਕਰਦੇ। ਦੋ ਵੱਖ-ਵੱਖ ਰੁੱਖਾਂ ਦੇ ਥੱਲੇ ਸਤਿਗੁਰੂ ਜੀ ਤੇ ਰਾਗਾ ਸਿੰਘ ਜੀ ਬੈਠਦੇ। ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਇਕਰਾਰ ਹੋ ਨਵੀਂ ਪ੍ਰੇਰਨਾ ਨਾਲ ਆਪ ਫਿਰ ਉਠਦੇ।

ਕਰੀਬ ਦਸ ਵਜੇ ਬਾਹਰੋਂ ਘਰ ਨੂੰ ਪਰਤਿਆ ਜਾਂਦਾ ਤਦ ਤੱਕ ਨੂੰ ਚੁਬਾਰਾ ਸੁੰਬਰ ਬੁਹਾਰ ਕੇ ਸੁਥਰਾ ਕਰ ਲਿਆ ਜਾਂਦਾ। ਭਾਵੇਂ ਮਾਈ ਹੁਕਮੀ ਤੇ ਮਾਈ ਗੁਰਦੇਈ ਹਰ ਤਰ੍ਹਾਂ ਸਫਾਈ ਵਗੈਰਾ ਦਾ ਧਿਆਨ ਰੱਖਦੀਆਂ ਪਰ ਸ੍ਰੀ ਮਾਤਾ ਜੀਊਣ ਕੌਰ ਜੀ ਆਪ ਵੀ ਹਰ ਪ੍ਰਕਾਰ ਦੀ ਸੁਖ ਸੁਵਿਧਾ ਦਾ ਧਿਆਨ ਰਖਦੇ। ਮੁੜ ਚੁਬਾਰੇ ਤੇ ਆ ਕੇ ਪੰਜ ਇਸ਼ਨਾਨਾ ਕਰਕੇ ਦੀਨ ਦਿਆਲ ਕੁਝ ਸਮਾਂ ਆਰਾਮ ਕਰਦੇ। ਅੱਧੇ ਪੌਣੇ ਘੰਟੇ ਬਾਅਦ ਫੇਰ ਪ੍ਰਬੰਧਕਾਂ ਪਾਸੋਂ ਸਾਰੇ ਕਾਰ ਵਿਹਾਰ ਦਾ ਪਤਾ ਮੰਗ ਲੈਂਦੇ।ਓਹਨੀ ਦਿਨੀਂ ਖਰੀਦੋ ਫਰੋਖ਼ਤ ਪਸ਼ੂ, ਭਾਂਡੇ ਅਤੇ ਲੰਗਰ ਦੇ ਸਮਾਨ ਵਗੈਰਾ ਦੀ ਜ਼ਿੰਮੇਵਾਰੀ ਮਹੰਤ ਗੁਰਦਿੱਤ ਸਿੰਘ ਦੀ ਹੁੰਦੀ ਅਤੇ ਸਰਕਾਰੀ ਕੰਮਾਂ ਲਈ ਮੁਖਤਾਰ ਆਮ ਮਹੰਤ ਸੇਵਾ ਸਿੰਘ ਜੀ ਕਲਾਲ ਮਾਜਰੇ ਵਾਲੇ (ਬਹੁਤੀ ਰਿਹਾਇਸ਼ ਉਦਾਲਾ ਜ਼ਿਲਾ ਲੁਧਿਆਣਾ) ਮੁਕਰਰ ਸਨ। ਸੋ ਇਨ੍ਹਾਂ ਦੋਹਾਂ ਤੋਂ ਚਫੇਰੇ ਦਾ ਪਤਾ ਲੈ ਲੈਂਦੇ ਤੇ ਦਿੰਦੇ। ਬਾਅਦ ਵਿੱਚ ਕੁਝ ਸਮਾਂ ਬਿਰਾਜ ਲਿਆ ਜਾਂਦਾ।

ਸਰਦੀਆਂ ਵਿੱਚ 1-2 ਵਜੇ, ਪਰ ਗਰਮੀਆਂ ਵਿੱਚ ਕਰੀਬ 4 ਵਜੇ ਅੱਠ ਪਹਿਰੀਏ ਸਿੰਘਾਂ ਦਾ ਲੰਗਰ ਤਿਆਰ ਹੁੰਦਾ। ਸਤਿਗੁਰੂ ਜੀ ਅੱਠ ਪਹਿਰਾ ਲੰਗਰ ਹੀ ਛਕਦੇ। ਸੋ ਆਪ ਜੀ ਵੱਡੇ ਲੰਗਰ ਵਾਲੀ ਖੂਹੀ ਤੇ ਜਾਂਦੇ ਦੁਬਾਰਾ ਇਸ਼ਨਾਨ ਆਦਿਕ ਕਰਕੇ ਇਥੇ ਹੀ ਨਜ਼ਦੀਕ ਬੈਠਣ ਲਈ ਤਿਆਰ ਕੀਤੇ ਗਏ ਥੜ੍ਹੇ ਉਪਰ ਆਸਣ ਵਿਛਾ ਕੇ ਪ੍ਰਸ਼ਾਦ ਛਕਦੇ। ਲੰਗਰ ਦਾ ਪ੍ਰਸ਼ਾਦ

ਹੀ ਆਪ ਛਕਦੇ। ਸੁਆਦ ਕੀ ਹੁੰਦਾ ਹੈ? ਸਾਰੀ ਉਮਰ ਇਹ ਸੋਚ ਸਤਿਗੁਰੂ ਜੀ ਤੋਂ ਪਰ੍ਹੇ ਰਹੀ। ਇਸ ਸਮੇਂ ਲੰਗਰ ਆਪ ਨੂੰ ਆਮ ਕਰਕੇ ਸੰਤ ਕਰਤਾਰ ਸਿੰਘ ਜੀ ਭੂਤੀਏ ਛਕਾਂਦੇ। ਬਾਬਾ ਨਰੈਣ ਸਿੰਘ ਜੀ ਰੋਡਿਆਂ ਵਾਲੇ ਸਦਾ ਹੀ ਇਸ ਕੋਸ਼ਿਸ਼ ਵਿੱਚ ਰਹਿੰਦੇ ਕਿ ਸਤਿਗੁਰੂ ਜੀ ਦੇ ਪ੍ਰਸ਼ਾਦ ਵਾਲੀ ਥਾਲੀ ਵਿੱਚ ਹੀ ਆਪ ਲੰਗਰ ਛਕਣ।

ਓਹਨੀਂ ਦਿਨੀਂ ਵਿਦੇਸ਼ਾਂ ਨੂੰ ਚਾਵਲ ਜਾਣ ਤੇ ਕੋਈ ਪਾਬੰਦੀ ਨਹੀਂ ਸੀ। ਇਸ ਲਈ ਵਦੇਸਾਂ ਚੋਂ ਆਏ ਸਿੱਖ ਤੇ ਸਿੱਖਣੀਆਂ ਦੀ ਇਹ ਜ਼ਬਰਦਸਤ ਲਗਨ ਹੁੰਦੀ ਕਿ ਉਹ ਗੁਰੂ ਜੀ ਦੇ ਲੰਗਰੋਂ ਤੇ ਖਾਸ ਕਰਕੇ ਸਤਿਗੁਰੂ ਜੀ ਦੀ ਵਰਤੋਂ ਵਿੱਚ ਆਏ ਚਾਵਲਾਂ ਵਿੱਚੋਂ ਸਤਿਕਾਰ ਵਜੋਂ ਆਪਣੇ ਨਾਲ ਪਰਦੇਸ਼ਾਂ ਨੂੰ ਖੜ ਸਕਣ।

ਪ੍ਰਸ਼ਾਦ ਉਪਰੰਤ ਸਤਿਗੁਰੂ ਹਰੀ ਸਿੰਘ ਜੀ ਫੇਰ ਚੁਬਾਰੇ ਨੂੰ ਜਾ ਭਾਗ ਲਾਂਦੇ ਤੇ ਇਕ ਘੰਟੇ ਕੁ ਦਾ ਸਮਾਂ ਆਰਾਮ ਕਰਦੇ। ਨੀਂਦ ਵੀ ਆ ਜਾਂਦੀ ਜਾਂ ਮੌਜ ਨਾਲ ਬਿਰਾਜੇ ਰਹਿੰਦੇ। ਉਪਰੰਤ ਪੰਜ ਇਸ਼ਨਾਨ ਕਰਕੇ ਕਥਾ ਵਿੱਚ ਸ਼ਾਮਲ ਹੋ ਜਾਂਦੇ। ਕਥਾ ਚੁਬਾਰੇ ਵਿੱਚ ਸੰਤ ਨਰੈਣ ਸਿੰਘ ਜੀ ਰੋਡਿਆਂ ਵਾਲੇ ਕਰਿਆ ਕਰਦੇ। ਰੋਡਿਆਂ ਵਾਲੇ ਸੰਤਾਂ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਬੜਾ ਹੀ ਸਨੇਹ ਸੀ।ਕਥਾ ਕਰਦਿਆਂ ਆਪ ਦੀ ਲਿਵ ਇੰਜ ਲਗੀ ਹੁੰਦੀ ਜਿਵੇਂ ਸਾਖਿਆਤ ਭਗਵਾਨ ਦੇ ਸਾਹਮਣੇ ਕੋਈ ਭਗਤ ਉਪਾਸਨਾ ਕਰ ਰਿਹਾ ਹੋਵੇ। ਚਲਦੀ ਕਥਾ ਵਿਚ ਸਾਧ ਸੰਗਤ ਆਈ ਜਾਂਦੀ ਤੇ ਲੰਗਰ ਵਾਲੇ ਪਾਸੇ ਖੁੱਲੀ ਛੱਤ ਉਪਰ ਬੈਠੀ ਜਾਂਦੀ।

ਕਥਾ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ (ਜਿਨ੍ਹਾਂ ਦੀ ਹੱਥ ਲਿਖਤ ਪੁਸਤਕ ਸਤਿਗੁਰੂ ਬਿਲਾਸ ਦੀ ਕਥਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸੁਣਿਆ ਕਰਦੇ ਸਨ) ਤੋਂ ਉਨਾਂ ਦੇ ਲਿਖੇ ਪ੍ਰਸੰਗਾਂ ਨੂੰ ਸੁਣਨਾ।

ਸੂਰਜ ਡੁੱਬਣ ਦੇ ਨਾਲ ਹੀ ਮੌਕੇ ਤੇ ਜੋ ਵੀ ਰਾਗੀ ਰਬਾਬੀ ਹਾਜ਼ਰ ਹੁੰਦੇ, ਉਹਨਾਂ ਤੋਂ ਕੀਰਤਨ ਕਰਵਾਇਆ ਜਾਂਦਾ। ਆਪ ਜੀ ਭਜਨ ਕਰਦੇ ਰਸ ਮਗਨ ਹੋ ਸੁਣਦੇ। ਭਾਈ ਸੰਤ ਸਿੰਘ ਜੀ ਢਾਡੀ ਸਤਿਗੁਰੂ ਦਰਸ਼ਨਾਂ ਦੇ ਬੜੇ ਪ੍ਰੇਮੀ ਸੀ। ਆਪ ਢੇਸੀਆਂ ਜ਼ਿਲਾ ਜਲੰਧਰ ਤੋਂ ਮਹੀਨੇ ਵਿੱਚ ਕੁਝ ਦਿਨ

ਜ਼ਰੂਰ ਹੀ ਭੈਣੀ ਸਾਹਿਬ ਆਉਂਦੇ ਤੇ ਪੁਰਾਣੇ ਜੋਧਿਆਂ ਦੀਆਂ ਵਾਰਾਂ ਸੁਣਾਉਂਦੇ। ਸਤਿਗੁਰੂ ਜੀ ਇਨ੍ਹਾਂ ਤੋਂ ਜੋਸ਼ ਭਰੀਆਂ ਸੂਰਮਿਆਂ ਦੀਆਂ ਵਾਰਾਂ ਸੁਣਕੇ ਬਹੁਤ ਸੰਤੁਸ਼ਟ ਹੁੰਦੇ। ਢਾਡੀਆਂ ਨੂੰ ਆਪ ਦੌਰੇ ਨਾਲ ਵੀ ਰੱਖਦੇ ਤੇ ਰਾਗੀਆਂ ਦੇ ਕੀਰਤਨ ਤੋਂ ਪਹਿਲਾਂ ਉਨ੍ਹਾਂ ਨੂੰ ਵਕਤ ਮਿਲਦਾ।

ਰਾਤ ਨੂੰ ਹੱਲੇ ਦਾ ਦੀਵਾਨ ਲਗਦਾ। ਜੋਟੀਆਂ ਨਾਲ ਸ਼ਬਦ ਪੜੇ ਜਾਂਦੇ। ਢੋਲਕ ਛੈਣੇ ਭਿੰਨੀ ਭਿੰਨੀ ਲੈ ਵਿੱਚ ਵੱਜਦੇ। ਕੋਈ ਜਥੇਦਾਰ ਜਾਂ ਹੋਰ ਖਲੋ ਕੇ ਸ਼ਬਦ ਨਾ ਪੜਦਾ ਅਰਦਾਸ ਕਰਕੇ ਦੀਵਾਨ ਦੀ ਸਮਾਪਤੀ ਹੁੰਦੀ। ਸੰਗਤ ਆਪਣੇ ਡੇਰਿਆਂ ਨੂੰ ਚਲੀ ਜਾਂਦੀ। ਪਰ ਸਤਿਗੁਰੂ ਜੀ ਭਜਨ ਮਗਨ ਹੀ ਰਹਿੰਦੇ।

ਰਾਤ ਨੂੰ ਸਤਿਗੁਰੂ ਜੀ ਕੇਵਲ ਕਾੜ੍ਹ ਕੇ ਠੰਡਾ ਕੀਤਾ ਦੁੱਧ ਛਕਦੇ ਜਾਂ ਕੁਝ ਫਲਾਹਾਰ ਵੀ ਹੋ ਜਾਂਦਾ। ਬਦਾਮ, ਸੌਗੀ, ਪਿਸਤਾ, ਪਤਾਸੇ ਆਦਿ ਆਮ ਮੱਥਾ ਟਿਕਿਆ ਕਰਦੇ ਸਨ। ਸਤਿਗੁਰੂ ਜੀ ਦੀ ਵਰਤੋਂ ਜੋਗੇ ਰੱਖ ਬਾਕੀ ਦੇ ਘੋੜਿਆਂ ਵਾਲਿਆਂ ਮੱਝਾਂ ਗਊਆਂ ਵਾਲਿਆਂ ਜਾਂ ਹੋਰ ਸੇਵਾਦਾਰਾਂ ਨੂੰ ਬੁੱਕ ਭਰ ਭਰ ਕੇ ਦਿੱਤੇ ਜਾਂਦੇ। ਬਾਬਾ ਵੀਰ ਸਿੰਘ ਜੀ ਚੁੰਨੀ ਮਛਲੀ ਵਾਲੇ ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਤਿਕਾਰੇ ਸਿੱਖ ਸਨ। ਕਦੇ ਕਦੇ ਮਹੀਨਾ-ਮਹੀਨਾ ਭੈਣੀ ਸਾਹਿਬ ਆ ਟਿਕਦੇ ਅਤੇ ਉਨ੍ਹਾਂ ਨੂੰ ਸੁੱਕੇ ਮੇਵਿਆਂ ਦੇ ਬੁੱਕ ਸਾਧ ਸੰਗਤ ਵਿੱਚ ਵੰਡਣ ਦਾ ਬੜਾ ਆਨੰਦ ਆਉਂਦਾ।

10 ਵਜੇ ਰਾਤ ਤਕ ਤਾਂ ਸਤਿਗੁਰੂ ਜੀ ਆਪਣੇ ਚੁਬਾਰੇ ਤੇ ਨਜ਼ਰ ਪੈਂਦੇ ਰਹਿੰਦੇ ਚਲਦੇ ਫਿਰਦੇ। ਫਿਰ ਅਜਿਹੀ ਨਿਸ਼ਚਲ ਸਮਾਧੀ ਲਾਉਂਦੇ ਕਿ ਜਿਵੇਂ ਦੁਨੀਆਂ ਨਾਲੋਂ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਰੋਜ਼ਾਨਾ 19 ਤੋਂ 21 ਮਾਲਾ ਭਜਨ ਦੀਆਂ ਫੇਰਦੇ ਅਤੇ ਭਗੌਤੀਆਂ ਦੀ ਮਾਲਾ ਇਸ ਤੋਂ ਵੱਖਰੀ ਹੁੰਦੀ। ਭਗੌਤੀਆਂ ਬਾਰੇ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਉਚੇਚਿਆਂ ਵਿਦੇਸ਼ ਚੋਂ ਲਿਖ ਕੇ ਭੇਜਿਆ ਸੀ :

ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ ਵਿਛੋੜਾ ਆਪ ਦੇ ਅੰਦਰ ਨਸੂਰੀ ਫੋੜੇ ਵਾਂਗ ਦੁੱਖ ਦਾ ਥਾਂ ਬਣਾਈ ਬੈਠਾ ਸੀ। ਧੌਣ ਨੀਵੀਂ, ਨਜ਼ਰ ਨੀਵੀਂ, ਮਨ ਨੀਵਾਂ ਬਸ ਸਤਿਗੁਰੂ ਜੀ ਨੇ ਨਾਨਕ ਨਾਮ ਗਰੀਬੀ ਪਾਈ ਵਾਲੀ

ਅਵਸਥਾ ਵਿੱਚ ਸਾਰੀ ਉਮਰ ਗੁਜ਼ਾਰੀ। ਉਂਜ ਤਾਂ ਆਪ ਹਰ ਦਰਸ਼ਨ ਯਾਚਕ ਨਾਲ ਲੋੜ ਜੋਗਾ ਵਚਨ ਕਰਦੇ ਮੁਸਕਾਂਦੇ ਵੀ ਪਰ ਉਨ੍ਹਾਂ ਦੇ ਅੰਦਰ ਦੀ ਬਿਰਹਾ ਪੀੜਾ ਸਦਾ ਹੀ ਉਨ੍ਹਾਂ ਦੇ ਮੁਖ ਮਸਤਕ ਤੇ ਛਾਈ ਰਹਿੰਦੀ। ਜਦੋਂ ਕਦੇ ਦੌਰਿਆਂ ਤੇ ਬਾਹਰ ਜਾਂਦੇ ਤਦ ਵੀ ਆਪਣਾ ਪ੍ਰੋਗਰਾਮ ਕੁਝ ਐਸਾ ਹੀ ਹੁੰਦਾ। ਜੈਸਾ ਉਪਰ ਵਰਨਣ ਕਰ ਦਿੱਤਾ ਹੈ। ਫਰਕ ਏਨਾ ਕੁ ਪੈਂਦਾ ਕਿ ਡੇਰੇ ਦੀਆਂ ਜ਼ਿੰਮੇਵਾਰੀਆਂ ਦੀ ਥਾਂ ਉਦੋਂ ਪੰਥਕ ਜ਼ਿੰਮੇਵਾਰੀਆਂ ਅਤੇ ਸੰਤਾਂ ਮਹੰਤਾਂ ਦੀਆਂ ਮੰਜਲਾਂ ਦੀਆਂ ਵਾਰਤਾਵਾਂ ਛਿੜ ਪੈਂਦੀਆਂ।

ਅਧਿਐਨ ਕੀਤਿਆਂ ਪਤਾ ਲੱਗੇਗਾ ਕਿ ਸਮੂਹ ਸ੍ਰੀ ਗੁਰੂ ਸਾਹਿਬਾਨ ਨੇ ਹੀ ਅੰਮ੍ਰਿਤ ਵੇਲੇ ਦਾ ਸੁਕੇਸ਼ ਇਸ਼ਨਾਨ ਕਰਨਾ, ਨਾਮ ਜਪਣਾ, ਕੀਰਤਨ ਸੁਣਨਾ, ਕਰਨਾ ਆਪ ਨੇ ਵੱਧ ਤੋਂ ਵੱਧ ਕੀਤਾ ਹੈ ਤੇ ਗੁਰ ਸਿੱਖਾਂ ਨੂੰ ਇਸ ਦੀ ਪ੍ਰੇਰਨਾ ਦਿੱਤੀ ਹੈ।

–ਪ੍ਰੀਤਮ ਸਿੰਘ ਕਵੀ

# ਬਾਬਾ ਬੰਦਾ ਬਹਾਦਰ

ਸਿੱਖ ਇਤਿਹਾਸ ਅਨੇਕਾਂ ਸੂਰਬੀਰਾਂ, ਭਗਤਾਂ, ਦਾਨੀਆਂ ਤੇ ਸ਼ਹੀਦਾਂ ਦੇ ਅਸਚਰਜ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਸਿੱਖ ਸੂਰਬੀਰਾਂ ਨੇ ਦੇਸ਼-ਕੌਮ ਲਈ ਹੱਸ-ਹੱਸ ਕੇ ਸ਼ਹੀਦੀਆਂ ਪਾਈਆਂ ਪਰ ਸਿੱਖੀ ਵੱਲੋਂ ਕਦੇ ਮੂੰਹ ਨਾ ਮੋੜਿਆ। ਸਿੱਖ ਇਤਿਹਾਸ ਦੀ ਐਸੀ ਹੀ ਇੱਕ ਮਹਾਨ ਹਸਤੀ ਸਨ- ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੇ ਖਾਲਸਾ ਪੰਥ ਨੂੰ ਔਕੜਾਂ ਭਰੇ ਸਮੇਂ ਵਿੱਚ ਯੋਗ ਅਗਵਾਈ ਦਿੱਤੀ। ਬਾਬਾ ਬੰਦਾ ਬਹਾਦਰ ਖਾਲਸਾ ਪੰਥ ਦੇ ਪਹਿਲੇ ਜਰਨੈਲ ਸਨ।

ਬਾਬਾ ਬੰਦਾ ਬਹਾਦਰ ਦਾ ਸਿੱਖ ਪੰਥ ਵਿੱਚ ਆਗਮਨ ਐਸੇ ਸਮੇਂ ਹੋਇਆ ਜਦੋਂ ਦੇਸ਼ ਦੇ ਹੁਕਮਰਾਨ ਸਿੱਖੀ ਦੇ ਨਾਮੋ-ਨਿਸ਼ਾਨ ਨੂੰ ਮਿਟਾਉਣ ਦੀ ਪੂਰੀ ਵਾਹ ਲਾ ਰਹੇ ਸਨ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਤੇ ਹੋਰ ਅਨੇਕਾਂ ਮਹਾਨ ਹਸਤੀਆਂ ਦੇ ਸ਼ਹੀਦੀ-ਲਹੂ ਨਾਲ ਇਤਿਹਾਸ ਦੇ ਵਰਕੇ ਰੰਗੇ ਹੋਏ ਸਨ। ਮੁਗਲ ਹਾਕਮਾਂ ਨੇ ਪੰਜਾਬ ਨੂੰ ਵਜ਼ੀਰ ਖ਼ਾਨ ਤੇ ਸ਼ਮਸ ਖ਼ਾਨ ਵਰਗੇ ਜ਼ਾਲਮਾਂ ਦੇ ਹੱਥ ਸੌਂਪ ਦਿੱਤਾ ਸੀ। ਸਿੱਖੀ ਅਜੇ ਵੀ ਗੁਰੂ ਕਿਰਪਾ ਨਾਲ ਕੰਡਿਆਲੇ ਰਾਹਾਂ 'ਤੇ ਚੜ੍ਹਦੀ ਕਲਾ ਵੱਲ ਜਾ ਰਹੀ ਸੀ। ਐਸੀ ਚੜ੍ਹਦੀ ਕਲਾ, ਸਿੰਘਾਂ ਦਾ ਵਧਣਾ-ਫੁੱਲਣਾ ਕੱਟੜ ਤੇ ਜਨੂੰਨੀ ਲੋਕਾਂ ਨੂੰ ਸਹਿਨ ਨਹੀਂ ਸੀ ਹੋ ਰਿਹਾ।

ਬਾਬਾ ਬੰਦਾ ਬਹਾਦਰ ਦਾ ਜਨਮ 16 ਅਕਤੂਬਰ ਸੰਨ 1670 ਈਸਵੀ ਨੂੰ ਕਸ਼ਮੀਰ ਦੀ ਜੰਮੂ ਰਿਆਸਤ ਵਿੱਚ 'ਪੁਣਛ' ਜ਼ਿਲ੍ਹੇ ਦੇ ਰਾਜੌਰੀ ਪਿੰਡ ਵਿੱਚ ਹੋਇਆ। ਆਪ ਦੇ ਬਚਪਨ ਦਾ ਨਾਂ ਲਛਮਣ ਦੇਵ ਸੀ। ਰਾਜਪੂਤ ਪਿਤਾ ਰਾਮਦੇਵ ਜੀ ਦਾ ਬਹਾਦਰ ਪੁੱਤਰ ਉਸ ਮਾਹੌਲ ਵਿੱਚ ਪਲਿਆ, ਜਿੱਥੇ ਪੜ੍ਹਾਈ ਤੋਂ ਵੱਧ ਘੋੜ ਸਵਾਰੀ, ਤੀਰ ਅੰਦਾਜ਼ੀ, ਸ਼ਿਕਾਰ ਤੇ ਅਖਾੜੇ ਬਾਜੀ ਦੀ ਸਿਖਲਾਈ ਤੇ ਜ਼ੋਰ ਦਿੱਤਾ ਜਾਂਦਾ ਸੀ। ਲਛਮਣ ਦਾਸ ਇਨ੍ਹਾਂ ਜੰਗੀ ਕਰਤਬਾਂ ਵਿੱਚ ਨਿਪੁੰਨ ਹੋ ਗਿਆ। ਸਮੇਂ ਨੇ ਇੱਕ ਗੰਭੀਰ ਪਲਟਾ ਖਾਧਾ। ਨੌਜੁਆਨ ਲਛਮਣ ਦੇਵ ਨੇ ਅੱਲ੍ਹੜਪੁਣੇ ਵਿੱਚ ਇੱਕ ਹਿਰਨੀ ਦਾ ਸ਼ਿਕਾਰ

ਕੀਤਾ। ਉਹ ਹਿਰਨੀ ਗਰਭਵਤੀ ਸੀ। ਤੀਰ ਲੱਗਣ ਸਾਰ ਹੀ ਉਸਦੇ ਪੇਟ ਵਿੱਚੋਂ ਦੋ ਬੱਚੇ ਨਿਕਲੇ ਤੇ ਲਛਮਣ ਦੇਵ ਦੀਆਂ ਅੱਖਾਂ ਸਾਹਮਣੇ ਹੀ ਤੜਪ ਤੜਪ ਕੇ ਮਰ ਗਏ। ਇਸ ਅਚਾਨਕ ਵਾਪਰੀ ਘਟਨਾ ਨੇ ਤਾਂ ਲਛਮਣ ਦੇਵ ਦੇ ਜੀਵਨ ਨੂੰ ਹੀ ਬਦਲ ਦਿੱਤਾ। ਸ਼ਸਤਰ ਤਿਆਗ ਦਿੱਤੇ, ਮਨ ਉਦਾਸ ਤੇ ਅਸ਼ਾਂਤ ਹੋ ਗਿਆ। ਉਹ ਮਾਨਸਿਕ ਸ਼ਾਂਤੀ ਦੀ ਤਲਾਸ਼ ਵਿੱਚ ਸਾਧੂ-ਸੰਤਾਂ ਦੀ ਤਲਾਸ਼ ਵਿੱਚ ਭਟਕਣ ਲਗਿਆ।

ਸ਼ਾਂਤੀ ਲਈ ਭਟਕਦੀ ਇਸੇ ਆਤਮਾ ਨੇ ਸਭ ਤੋਂ ਪਹਿਲਾਂ ਜੰਮੂ ਵਿੱਚ ਇੱਕ ਬੈਰਾਗੀ ਸਾਧੂ 'ਜਾਨਕੀ ਪ੍ਰਸ਼ਾਦ' ਦਾ ਸਹਾਰਾ ਲਿਆ ਤੇ ਆਪਣਾ ਨਾਂ 'ਮਾਧੋ ਦਾਸ' ਰੱਖ ਕੇ ਤਪ ਕਰਨ ਲੱਗਾ, ਪਰ ਮਨ ਅਸ਼ਾਂਤ ਹੀ ਰਿਹਾ। ਫਿਰ ਕਸੂਰ ਦੇ ਇਲਾਕੇ ਵਿੱਚ ਰਾਮਦਾਸ ਨਾਂ ਦੇ ਸਾਧੂ ਨੂੰ ਗੁਰੂ ਬਣਾਇਆ। ਇਸ ਵਾਰ ਫੇਰ ਟਿਕਾਅ ਤੇ ਸ਼ਾਂਤੀ ਨਾ ਮਿਲੀ। ਘੁੰਮਦੇ-ਘੁੰਮਾਉਂਦੇ ਦੱਖਣੀ ਭਾਰਤ ਵਿੱਚ 'ਪੰਚਵਟੀ' ਸਥਾਨ 'ਤੇ ਰਿੱਧੀਆਂ-ਸਿੱਧੀਆਂ ਤੇ ਤੰਤ੍ਰ ਵਿੱਦਿਆ ਦੇ ਜਾਣੂ ਯੋਗੀ "ਔਘੜ ਨਾਥ ਨਾਲ ਮੇਲ ਹੋਇਆ। ਤੰਤ੍ਰ ਵਿਦਿਆ ਜਾਨਣ ਲਈ ਇਸ ਦੇ ਡੇਰੇ ਜਾ ਕੇ ਉਸ ਦੀ ਬੜੀ ਸੇਵਾ ਕਰਕੇ ਪ੍ਰਸੰਨਤਾ ਪ੍ਰਾਪਤ ਕੀਤੀ। ਔਘੜ ਨਾਥ ਨੇ ਖੁਸ਼ ਹੋ ਕੇ ਯੋਗ ਮੱਤ ਦੇ ਕਈ ਗੁੱਝੇ ਭੇਦ, ਰਿੱਧੀਆਂ-ਸਿੱਧੀਆਂ ਦੇ ਰਹੱਸ ਬਖਸ਼ ਦਿੱਤੇ। ਗੈਬੀ ਸ਼ਕਤੀਆਂ ਨਾਲ ਭਰਪੂਰ ਹੋ ਕੇ ਮਾਧੋਦਾਸ ਨੇ ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਆਪਣਾ ਆਸ਼ਰਮ ਬਣਾ ਲਿਆ। ਹੁਣ ਉਹ ਲੋਕਾਂ ਦੀਆਂ ਆਸਾਂ-ਮੁਰਾਦਾਂ ਪੂਰੀਆਂ ਕਰਨ ਲੱਗਾ। ਹੌਲੀ-ਹੌਲੀ ਉਸ ਨੂੰ ਨਵੀਂ ਚੇਟਕ ਲੱਗ ਗਈ। ਉਹ ਦੂਰੋਂ ਆਏ ਸਾਧੂ-ਮਹਾਤਮਾ ਦਾ ਆਦਰ ਸਤਿਕਾਰ ਕਰਦਾ ਤੇ ਫਿਰ ਆਪਣੀਆਂ ਗੈਬੀ ਤੇ ਗੁਪਤ ਸ਼ਕਤੀਆਂ ਨਾਲ ਉਨ੍ਹਾਂ ਨੂੰ ਨੀਵਾਂ ਵਿਖਾ ਕੇ ਹੇਠੀ ਕਰਦਾ। ਇਸ ਗੱਲ ਦੀ ਚਰਚਾ ਦੂਰ-ਦੂਰ ਤੱਕ ਫੈਲ ਗਈ। ਉਧਰ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਜਾਂਦੇ ਜੈਪੁਰ ਦੇ ਰਾਹ ਤੇ ਦਾਦੂ ਦੁਆਰੇ ਦੇ ਮੁਖੀ ਸਾਧੂ ਜੀਤ ਰਾਮ ਨੂੰ ਮਿਲੇ। ਜੀਤ ਰਾਮ ਨੇ ਮਾਧੋ ਦਾਸ ਬਾਰੇ ਚਰਚਾ ਕੀਤੀ। ਗੁਰੂ ਜੀ ਨਾਂਦੇੜ ਵੱਲ ਤੁਰ ਪਏ। ਗੋਦਾਵਰੀ ਨਦੀ ਦੇ ਕੰਢੇ ਗੁਰੂ ਜੀ ਨੇ ਆਪਣੇ ਸਿੰਘਾਂ ਸਮੇਤ ਮਾਧੋ ਦਾਸ ਦੇ ਆਸ਼ਰਮ ਵਿੱਚ ਪ੍ਰਵੇਸ਼ ਕੀਤਾ ਤੇ ਉਸ ਦੇ ਗੈਬੀ ਸ਼ਕਤੀਆਂ ਵਾਲੇ ਪਲੰਘ ਤੇ ਬੈਠ ਗਏ। ਉਸ ਦੇ ਚੇਲਿਆਂ ਨੇ ਯਤਨ ਕੀਤਾ

ਪਰ ਗੁਰੂ ਸਾਹਿਬ ਅਡੋਲ ਬੈਠੇ ਰਹੇ। ਚੇਲਿਆਂ ਨੇ ਝੱਟ ਮਾਧੋ ਦਾਸ ਨੂੰ ਖਬਰ ਦਿੱਤੀ। ਮਾਣ-ਮੱਤਿਆ ਮਾਧੋ ਦਾਸ ਉੱਡ ਕੇ ਡੇਰੇ ਪਹੁੰਚਿਆ ਤੇ ਆਪਣੀਆਂ ਸਾਰੀਆਂ ਸ਼ਕਤੀਆਂ ਗੁਰੂ ਸਾਹਿਬ ਉੱਤੇ ਲਾ ਦਿੱਤੀਆਂ। ਜਦੋਂ ਸਭ ਕੁਝ ਵਿਅਰਥ ਹੋ ਗਿਆ ਤਾਂ ਹਾਰ ਕੇ ਗੁਰੂ ਸਾਹਿਬ ਦੀ ਈਨ ਮੰਨ ਕੇ ਚਰਨਾਂ ਤੇ ਡਿੱਗ ਪਿਆ ਤੇ ਪੁੱਛਣ ਲੱਗਾ

ਮਾਧੋਦਾਸ : ਆਪ ਕੌਣ ਹੋ?

ਗੁਰੂ ਜੀ : ਉਹੀ ਜਿਸ ਨੂੰ ਤੂੰ ਜਾਣਦਾ ਹੈਂ।

ਮਾਧੋਦਾਸ : ਆਪ ਗੁਰੂ ਗੋਬਿੰਦ ਸਿੰਘ ਜੀ ਹੋ?

ਗੁਰੂ ਜੀ : ਹਾਂ।

ਮਾਧੋਦਾਸ : ਆਪ ਇੱਥੇ ਕਿਸ ਤਰ੍ਹਾਂ ਪਧਾਰੇ ਹੋ?

ਗੁਰੂ ਜੀ : ਮੈਂ ਤੈਨੂੰ ਆਪਣਾ ਸਿੰਘ ਸਜਾਉਣਾ ਹੈ।

ਮਾਧੋਦਾਸ : ਮੈਂ ਤਿਆਰ ਹਾਂ, ਮੈਂ ਆਪ ਦਾ ਬੰਦਾ ਹਾਂ, ਆਪ ਦਾ ਗੁਲਾਮ ਹਾਂ।

ਇੱਥੇ ਗੁਰੂ ਸਾਹਿਬ ਨੇ ਅੰਮ੍ਰਿਤ ਤਿਆਰ ਕਰਵਾ ਕੇ 3 ਸਤੰਬਰ 1708 ਈਸਵੀ ਨੂੰ ਮਾਧੋਦਾਸ ਨੂੰ ਸਿੰਘ ਸਜਾਇਆ ਤੇ 'ਗੁਰਬਖਸ਼ ਸਿੰਘ' ਨਾਂ ਦਿੱਤਾ। ਫਿਰ ਗੁਰੂ ਕੇ ਸਿੰਘਾਂ ਪਾਸੋਂ ਉਸ ਨੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ, ਸਾਹਿਬਜ਼ਾਦਿਆਂ ਦੀਆਂ ਅਸਹਿ ਅਤੇ ਅਕਹਿ ਸ਼ਹੀਦੀਆਂ ਬਾਰੇ ਸੁਣਿਆ।ਇਨ੍ਹਾਂ ਸ਼ਹਾਦਤਾਂ ਬਾਰੇ ਸੁਣਕੇ ਬਾਬਾ ਬੰਦਾ ਸਿੰਘ ਬਹਾਦਰ ਦਾ ਖੂਨ ਖੌਲ ਉੱਠਿਆ। ਉਸਦਾ ਹੱਥ ਤਲਵਾਰ ਤੇ ਜਾ ਪਿਆ 'ਤੇ ਇਹ ਪ੍ਰਣ ਕੀਤਾ ਕਿ ਮੈਂ ਜ਼ਾਲਮਾਂ ਤੋਂ ਇਨ੍ਹਾਂ ਸ਼ਹਾਦਤਾਂ ਦਾ ਬਦਲਾ ਲੈ ਕੇ ਰਹਾਂਗਾ।

ਗੁਰੂ ਜੀ ਨੇ ਹਾਲਾਤ ਨੂੰ ਵੇਖਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਜਰਨੈਲ ਥਾਪ ਕੇ 'ਬਹਾਦਰ' ਦਾ ਖਿਤਾਬ ਦਿੱਤਾ ਤੇ ਪੰਜ ਸਿੰਘਾਂ (ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ ਜੀ) ਦੀ ਅਗਵਾਈ ਹੇਠ ਪੰਜਾਬ

ਵੱਲ ਤੋਰਿਆ। ਨਾਲ ਹੀ ਇੱਕ ਨਿਸ਼ਾਨ ਸਾਹਿਬ, ਇੱਕ ਨਗਾਰਾ, ਹੁਕਮਨਾਮੇ ਤੇ ਪੰਜ ਤੀਰ ਬਖਸ਼ੇ, ਇਸ ਤੋਂ ਇਲਾਵਾ ਵੀਹ ਸਿੰਘ ਨਾਲ ਤੋਰੇ। ਬਾਬਾ ਬੰਦਾ ਸਿੰਘ ਬਹਾਦਰ ਬਿਖੜੇ ਰਾਹਾਂ ਤੋਂ ਹੁੰਦੇ ਹੋਏ ਇਕ ਸਾਲ ਦੇ ਸਫਰ ਮਗਰੋਂ ਦਿੱਲੀ ਪਹੁੰਚੇ। ਉਨ੍ਹਾਂ ਨੇ ਗੁਰੂ ਜੀ ਦੇ ਹੁਕਮਨਾਮੇ ਵੱਖ-ਵੱਖ ਥਾਵਾਂ 'ਤੇ ਭੇਜੇ। ਬੇਅੰਤ ਸਿੰਘਾਂ ਦੇ ਜੱਥੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਇਕੱਠੇ ਹੋਣ ਲੱਗੇ। ਉੱਧਰ ਸਿੰਘਾਂ ਨੂੰ ਵਜ਼ੀਰ ਖਾਨ ਵੱਲੋਂ ਗੁਰੂ ਜੀ 'ਤੇ ਕਰਵਾਏ ਕਾਤਿਲਾਨਾ ਹਮਲੇ ਦੀ ਖ਼ਬਰ ਵੀ ਮਿਲ ਗਈ ਸੀ। ਰੋਹ ਵਿੱਚ ਆਏ ਸਿੰਘ ਜ਼ੁਲਮ ਦੇ ਟਾਕਰੇ ਲਈ ਤਿਆਰ-ਬਰ-ਤਿਆਰ ਹੋ ਗਏ। ਉਨ੍ਹਾਂ ਨੇ ਮੁਕਾਬਲੇ ਲਈ ਬਾਰੂਦ-ਸਿੱਕਾ ਤੇ ਹਥਿਆਰ, ਘੋੜੇ ਖਰੀਦਣ ਲਈ ਘਰ-ਘਾਟ ਤੇ ਮਾਲ ਡੰਗਰ ਵੇਚ ਦਿੱਤੇ।

ਵਜ਼ੀਰ ਖ਼ਾਨ ਦੀਆਂ ਸਖ਼ਤੀਆਂ ਤੇ ਪਹਿਰੇ ਦੇ ਬਾਵਜੂਦ ਸੈਂਕੜੇ ਸਿੰਘਾਂ ਨੇ ਜੰਗੀ ਤਿਆਰੀ ਮੁਕੰਮਲ ਕਰ ਲਈ ਤੇ 500 ਮਰਜੀਵੜਿਆਂ ਦੇ ਜਥੇ ਨੇ ਸੋਨੀਪਤ 'ਤੇ ਹੱਲਾ ਬੋਲ ਦਿੱਤਾ। ਸੋਨੀਪਤ ਤੇ ਖਾਲਸਈ ਨਿਸ਼ਾਨ ਝੁੱਲਣ ਲੱਗੇ। ਸੋਨੀਪਤ ਦਾ ਫੌਜਦਾਰ ਦਿੱਲੀ ਨੱਸ ਗਿਆ। ਇਸ ਜਿੱਤ ਨੇ ਸਿੰਘਾਂ ਦੇ ਹੋਂਸਲੇ ਵਧਾ ਦਿੱਤੇ, ਉਥੇ ਮੁਗਲਾਂ ਵਿੱਚ ਦਹਿਸ਼ਤ ਭਰ ਦਿੱਤੀ। ਇਸ ਤੋਂ ਬਾਅਦ ਖਾਲਸਾ ਫੌਜ ਨੇ ਇਕ ਇਕ ਕਰਕੇ ਮੁਗਲਾਂ ਦੇ ਗੜ੍ਹਾਂ ਕੈਥਲ, ਸ਼ਾਹਬਾਦ, ਸਮਾਣਾ, ਘੁੜਾਮ ਨੂੰ ਜਿੱਤ ਲਿਆ। ਜਗਾਧਰੀ ਨੇੜੇ ਮੁਸਤਫਾਬਾਦ ਵਿੱਚ ਭਾਰੀ ਟਾਕਰਾ ਹੋਇਆ। ਸਢੌਰੇ ਦੇ ਨਵਾਬ ਨੂੰ ਵੀ ਸੋਧਿਆ ਕਿਉਂਕਿ ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਿੱਤਰ ਪੀਰ ਬੁੱਧੂ ਸ਼ਾਹ ਨੂੰ ਸ਼ਹੀਦ ਕਰਾਇਆ ਸੀ। ਇਨ੍ਹਾਂ ਜਿੱਤਾਂ ਤੋਂ ਬਾਅਦ ਸਰਹਿੰਦ ਦੀ ਮੁਹਿੰਮ ਦੀ ਤਿਆਰੀ ਆਰੰਭੀ ਗਈ।

ਉਧਰ ਵਜ਼ੀਰ ਖ਼ਾਨ ਨੇ 20,000 ਦੀ ਫੌਜ ਟਾਕਰੇ ਲਈ ਭੇਜੀ। ਘੱਟ ਫੌਜ, ਘੱਟ ਅਸਲਾ ਤੇ ਘੱਟ ਘੋੜਿਆਂ ਦੇ ਬਾਵਜੂਦ ਸਿੰਘਾਂ ਨੇ ਸਮਰੱਥ ਗੁਰੂ ਦੀ ਓਟ ਲੈ ਕੇ 12 ਮਈ 1710 ਈਸਵੀ ਨੂੰ ਚੱਪੜ-ਚਿੜੀ ਦੇ ਮੈਦਾਨ ਵਿੱਚ ਮੋਰਚੇ ਸੰਭਾਲ ਲਏ ਤੇ ਜੰਗ ਸ਼ੁਰੂ ਹੋ ਗਈ। ਬਾਬਾ ਬੰਦਾ ਸਿੰਘ ਬਹਾਦਰ ਨੇ ਉੱਚੇ ਟਿੱਬੇ ਤੋਂ ਫੌਜ ਦਾ ਸੰਚਾਲਨ ਕੀਤਾ। ਭਾਵੇਂ ਇਸ ਜੰਗ ਵਿੱਚ ਸਿੰਘਾਂ ਦਾ ਕਾਫ਼ੀ ਜਾਨੀ-ਮਾਲੀ ਨੁਕਸਾਨ ਹੋਇਆ, ਪਰ ਸਿੰਘਾਂ ਨੇ ਸਰਹਿੰਦ ਨੂੰ

ਫਤਹਿ ਕਰ ਲਿਆ। ਵਜ਼ੀਰ ਖਾਨ ਤੇ ਹੋਰ ਜਰਨੈਲ ਮਾਰੇ ਗਏ। ਸਰਹੰਦ ਨੂੰ ਲੁੱਟ ਕੇ ਮਿੱਟੀ ਦਾ ਢੇਰ ਬਣਾ ਦਿੱਤਾ ਗਿਆ। ਇੱਟ ਨਾਲ ਇੱਟ ਖੜਕਾ ਦਿੱਤੀ ਗਈ।14 ਮਈ 1710 ਈਸਵੀ ਨੂੰ ਖਾਲਸਾ ਫੌਜ ਸਰਹੰਦ ਵਿੱਚ ਦਾਖਲ ਹੋਈ ਤੇ ਖਾਲਸਈ ਨਿਸ਼ਾਨ ਝੁਲਾਇਆ ਗਿਆ।

ਐਸਾ ਹਲੀਮੀ ਰਾਜ ਕਾਇਮ ਕੀਤਾ ਜਿਸ ਵਿੱਚ ਕਿਸੇ ਧਰਮ, ਜਾਤ ਤੇ ਹੈਸੀਅਤ ਦਾ ਭੇਦ ਭਾਵ ਨਹੀਂ ਸੀ। ਖਾਲਸਾ ਰਾਜ ਦੀ ਰਾਜਧਾਨੀ 'ਮੁਖਲਸਪੁਰ' ਨੂੰ ਬਣਾਇਆ ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਤੇ ਮੋਹਰ ਜਾਰੀ ਕੀਤੀ ਗਈ।

ਗਰੀਬ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਵਾਪਸ ਕੀਤੀਆਂ ਗਈਆਂ। ਸੰਸਾਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਗਰੀਬ, ਪੱਛੜੇ ਤੇ ਨੀਵੀਆਂ ਜ਼ਾਤਾਂ ਦੇ ਲੋਕਾਂ ਨੇ ਮਾਣ ਨਾਲ ਜੀਉਣਾ ਸਿੱਖਿਆ।

ਸੰਨ 1708 ਈਸਵੀ ਤੋਂ ਲੈ ਕੇ 1716 ਈਸਵੀ ਤੱਕ ਅਨੇਕ ਮੁਗਲ ਇਲਾਕਿਆਂ ਨੂੰ ਜਿੱਤ ਕੇ ਜ਼ਾਲਮਾਂ ਨੂੰ ਸਜ਼ਾਵਾਂ ਦਿੱਤੀਆਂ।ਸੰਨ 1715 ਦੇ ਸਾਲ ਵਿੱਚ ਇਤਿਹਾਸ ਨੇ ਪਲਟਾ ਖਾਧਾ। ਮੁਗਲ ਜ਼ਾਲਮਾਂ ਨੂੰ ਸੋਧਦੇ-ਸੋਧਦੇ ਦੁਸ਼ਮਣ ਫੌਜ ਦਾ ਪੱਲੜਾ ਭਾਰੀ ਹੋ ਗਿਆ ਤੇ ਆਪ ਜੀ ਮਾਰਚ 1715 ਵਿੱਚ ਮੁਗਲਾਂ ਦਾ ਟਾਕਰਾ ਕਰਦੇ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰ ਗਏ। 25-30 ਹਜ਼ਾਰ ਦੀ ਮੁਗਲ ਫੌਜ ਨੇ ਗੜ੍ਹੀ ਦੇ ਦੁਆਲੇ ਏਨਾ ਸਖ਼ਤ ਪਹਿਰਾ ਲਾ ਦਿੱਤਾ ਕਿ ਗੜ੍ਹੀ ਦੇ ਅੰਦਰ ਅੰਨ-ਪਾਣੀ ਪਹੁੰਚਣਾ ਅਸੰਭਵ ਹੋ ਗਿਆ। ਛੇ ਮਹੀਨੇ ਦੇ ਸਖ਼ਤ ਪਹਿਰੇ ਨਾਲ ਰਸਦ-ਪਾਣੀ ਮੁੱਕ ਗਿਆ। ਸਿੰਘਾਂ ਨੇ ਘਾਹ, ਪੱਤੇ ਤੇ ਛਿੱਲੜ ਖਾ ਕੇ ਪੇਟ ਨੂੰ ਸਹਾਰਾ ਦਿੱਤਾ।

ਅੰਤ 7 ਦਿਸੰਬਰ 1715 ਈਸਵੀ ਨੂੰ ਸ਼ਾਹੀ ਫੌਜਾਂ ਨੇ ਹੱਲਾ ਕਰਕੇ ਗੜ੍ਹੀ ਤੇ ਕਬਜ਼ਾ ਕਰ ਲਿਆ। ਫੜੇ ਗਏ ਸਿੰਘਾਂ ਦੇ ਪੇਟ ਚਾਕ ਕੀਤੇ ਗਏ ਤਾਂ ਜੋ ਸ਼ਾਇਦ ਕਿਤੇ ਸੋਨੇ ਦੀਆਂ ਮੋਹਰਾਂ ਲੱਭ ਪੈਣ। ਬਾਕੀ ਸਿੰਘਾਂ ਨੂੰ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਵਿਖੇ ਜਲੂਸ ਦੀ ਸ਼ਕਲ ਵਿੱਚ ਲਿਆਂਦਾ ਗਿਆ। ਅੱਗੇ-ਅੱਗੇ ਕਤਲ ਕੀਤੇ ਸਿੰਘਾਂ ਦੇ ਸਿਰ ਨੇਜ਼ਿਆਂ ਤੇ ਟੰਗੇ ਹੋਏ ਸਨ। ਫਿਰ ਖੋਤਿਆਂ, ਊਠਾਂ 'ਤੇ ਸੰਗਲਾਂ ਨਾਲ ਨੂੜੇ ਹੋਏ ਸਿੰਘ ਸਨ।

ਸਿੰਘਾਂ ਦੀ ਗਿਣਤੀ ਲਗਭਗ 740 ਸੀ। ਇਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਚਾਰ ਸਾਲ ਦਾ ਪੁੱਤਰ ਭਾਈ ਅਜੈ ਸਿੰਘ ਤੇ ਪਤਨੀ ਸ਼ੀਲ ਕੌਰ ਵੀ ਸੀ।

ਇਹ ਜਲੂਸ 5 ਮਾਰਚ 1716 ਨੂੰ ਦਿੱਲੀ ਪਹੁੰਚਿਆ। ਹਰ ਰੋਜ਼ 100-100 ਸਿੰਘਾਂ ਦੇ ਜੱਥੇ ਨੂੰ ਕੋਤਵਾਲੀ ਦੇ ਸਾਹਮਣੇ ਬਣੇ ਚਬੂਤਰੇ ਤੇ ਲਿਆਂਦਾ ਜਾਂਦਾ। ਉਨ੍ਹਾਂ ਅੱਗੇ ਇਸਲਾਮ ਜਾਂ ਮੌਤ ਦੀ ਸ਼ਰਤ ਰੱਖੀ ਜਾਂਦੀ ਤੇ ਫਿਰ ਇਨਕਾਰ ਕਰਨ ਤੇ ਸਿਰ ਧੜ ਤੋਂ ਵੱਖ ਕਰ ਦਿੱਤਾ ਜਾਂਦਾ। ਧਰਤੀ 'ਤੇ ਹਰ ਪਾਸੇ ਧੜ, ਸਿਰ ਤੇ ਲਹੂ ਹੀ ਨਜ਼ਰ ਆਉਂਦਾ ਸੀ। ਇੱਕ ਮੁਸਲਿਮ ਲਿਖਾਰੀ 'ਮਿਰਜ਼ਾ ਮੁਹੰਮਦ' ਨੇ ਸਿੰਘਾਂ ਦੀ ਗੁਰੂ ਲਈ ਅਸੀਮ ਸ਼ਰਧਾ, ਧਰਮ ਲਈ ਪ੍ਰੇਮ, ਲੋਭ ਰਹਿਤ ਉੱਚਾ-ਸੁੱਚਾ ਆਚਰਨ ਤੇ ਨਿਰਭੈਤਾ ਵੇਖੀ ਤੇ ਅਸ਼-ਅਸ਼ ਕਰ ਉੱਠਿਆ। ਉਸ ਨੇ ਇਕ ਨਵੇਂ ਵਿਆਹੇ ਸਿੰਘ ਦੀ ਵਾਰਤਾ ਵੀ ਲਿਖੀ ਕਿ ਉਸ ਸਿੰਘ ਦੀ ਮਾਂ ਬਾਦਸ਼ਾਹ ਫਰਖਸ਼ੀਅਰ ਕੋਲ ਰਿਹਾਈ ਦੀ ਮੰਗ ਲੈ ਕੇ ਪੁੱਜੀ ਤੇ ਕਿਹਾ ਕਿ ਮੇਰਾ ਪੁੱਤਰ ਸਿੱਖ ਨਹੀਂ, ਇਹ ਤਾਂ ਐਵੇਂ ਫੜ੍ਹਿਆ ਗਿਆ ਹੈ। ਇਸ ਨੂੰ ਛੱਡ ਦਿੱਤਾ ਜਾਵੇ। ਪਰ ਉਸ ਸਿੱਖ ਬੱਚੇ ਨੇ ਕਿਹਾ ਕਿ ਇਹ ਔਰਤ ਝੂਠ ਬੋਲਦੀ ਹੈ। ਇਹ ਮੇਰੀ ਮਾਂ ਨਹੀਂ। ਮੈਂ ਤਾਂ ਸਿੰਘ ਹੀ ਹਾਂ। ਮੈਨੂੰ ਵੀ ਮੇਰੇ ਵੀਰਾਂ ਨਾਲ ਛੇਤੀ ਸ਼ਹੀਦ ਕਰੋ। ਲਿਖਾਰੀ ਖਾਫ਼ੀ ਖਾਨ ਵੀ ਇਸ ਘਟਨਾ ਦਾ ਜ਼ਿਕਰ ਕਰਦਾ ਲਿਖਦਾ ਹੈ ਕਿ ਸਿੱਖ ਕਦੇ ਵੀ ਮੌਤ ਤੋਂ ਡਰ ਕੇ ਝੁਕਦਾ ਨਹੀਂ, ਮੌਤ ਤੋਂ ਡਰ ਕੇ ਦੂਜੇ ਧਰਮ ਨੂੰ ਨਹੀਂ ਕਬੂਲਦਾ।

740 ਸਿੰਘਾਂ ਨੂੰ 7 ਦਿਨਾਂ ਵਿੱਚ ਕਤਲ ਕਰ ਦਿੱਤਾ ਗਿਆ। ਭਾਰਤ ਦੇ ਪ੍ਰਸਿੱਧ ਕਵੀ ਰਵਿੰਦਰ ਨਾਥ ਟੈਗੋਰ ਨੇ ਆਪਣੀ ਇਕ ਕਵਿਤਾ ਵਿੱਚ ਲਿਖਿਆ:

ਸੱਤਾਂ ਦਿਹਾੜਿਆਂ ਵਿੱਚ ਅਨੇਕਾਂ ਨੇ ਦਿੱਤੇ ਪ੍ਰਾਣ,

ਬੰਦੇ ਦੀ ਗੋਦੀ ਵਿੱਚ ਦਿੱਤਾ ਉਸਦਾ ਬਾਲ,

ਆਖਿਆ ਆਪਣੇ ਹੱਥੀਂ ਕੱਢੋ ਇਸ ਦੀ ਜਾਨ,

ਕਿਸ਼ੋਰ ਅਵੱਸਥਾ, ਹੱਥ ਪੈਰ ਬੱਧੇ,

ਨਿੱਕਾ ਜਿਹਾ ਲਾਲ ਸੁੱਟਿਆ ਬੰਦੇ ਦੇ ਅੱਗੇ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਡੁਲਾਉਣ ਲਈ ਉਸਦੇ ਬੱਚੇ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿੱਚ ਪਾਇਆ ਗਿਆ। ਪਰ ਬਾਬਾ ਜੀ ਨੇ ਸਾਰਾ ਕੁਝ ਜਰਿਆ ਤੇ ਇਸਲਾਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ।

ਹੁਣ ਬਾਕੀ ਦੇ ਮੁਖੀ ਸਿੰਘਾਂ ਭਾਈ ਬਾਜ ਸਿੰਘ, ਭਾਈ ਫਤਹਿ ਸਿੰਘ, ਭਾਈ ਆਈ ਸਿੰਘ, ਭਾਈ ਗੁਲਾਬ ਸਿੰਘ ਆਦਿ ਵੀਹ-ਪੰਝੀ ਸਿੰਘਾਂ ਨੂੰ ਲਾਲ ਕਿਲ੍ਹੇ ਤੋਂ ਲਿਆ ਕੇ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਕੁਤਬ ਮੀਨਾਰ ਕੋਲ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੀ ਦਰਗਾਹ ਦੇ ਪਾਸ ਪਹੁੰਚਾਇਆ ਗਿਆ। ਹਰੇਕ ਸਿੰਘ ਨੂੰ ਬੇੜੀਆਂ ਵਿੱਚ ਜਕੜ ਕੇ ਜ਼ਮੀਨ 'ਤੇ ਬਿਠਾਇਆ ਗਿਆ ਅਤੇ ਇਸਲਾਮ ਜਾਂ ਮੌਤ ਦੀ ਸ਼ਰਤ ਵਿਚੋਂ ਇੱਕ ਨੂੰ ਕਬੂਲ ਕਰਨ ਲਈ ਕਿਹਾ ਗਿਆ। ਸਿੰਘਾਂ ਨੇ ਮੌਤ ਨੂੰ ਖੁਸ਼ੀ-ਖੁਸ਼ੀ ਕਬੂਲਿਆ।

ਫਿਰ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਜੱਲਾਦ ਨੇ ਇੱਕ-ਇੱਕ ਕਰਕੇ ਉਨ੍ਹਾਂ ਦੀ ਸੱਜੀ ਅੱਖ ਫਿਰ ਖੱਬੀ ਅੱਖ ਕੱਢੀ, ਫਿਰ ਦੋਵੇਂ ਪੈਰ ਤੇ ਹੱਥ ਕੱਟੇ। ਇਸ ਤੋਂ ਬਾਅਦ ਵੀ ਅਡੋਲ ਵੇਖ ਕੇ ਗਰਮ ਜਮੂਰਾਂ ਨਾਲ ਉਨ੍ਹਾਂ ਦਾ ਮਾਸ ਨੋਚਿਆ ਗਿਆ। ਅੰਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਸਹਿ ਤੇ ਅਕਹਿ ਜ਼ੁਲਮ ਸਹਾਰਦੇ ਹੋਏ ਸ਼ਹੀਦ ਹੋ ਗਏ। ਇਸ ਤਰ੍ਹਾਂ ਸਿੱਖੀ ਦੀ ਅਣਖ ਗੈਰਤ ਦੀ ਜੋਤ ਨੂੰ ਜਿਉਂਦਾ ਰੱਖਣ ਲਈ ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਾਰੇ ਸਿੰਘਾਂ ਨੇ ਆਪਣੇ ਲਹੂ ਦਾ ਤੇਲ ਪਾਇਆ।

# ਜਗਤ ਮਾਤਾ ਚੰਦ ਕੌਰ



ਮਾਤਾ ਚੰਦ ਕੌਰ ਜੀ ਦਾ ਜਨਮ 1932 ਈ. ਵਿੱਚ ਪਿਤਾ ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਜੀ ਦੇ ਕਿਸਾਨ ਪਰਿਵਾਰ ਵਿੱਚ, ਪਿੰਡ ਬੁਰਜ ਥਰੋੜ (ਬਠਿੰਡਾ) ਵਿਖੇ ਹੋਇਆ । ਇਹ ਪਿੰਡ ਮਾਤਾ ਜੀ ਦਾ ਨਾਨਕਾ ਪਿੰਡ ਸੀ। ਆਪ ਜੀ ਦੇ ਪਿਤਾ ਦਾ ਪਿੰਡ ਬਾਜਾਖਾਨਾ (ਬਠਿੰਡਾ) ਸੀ। ਦਰਅਸਲ ਮਾਤਾ ਜੀ ਦਾ ਪਿਤਾ ਸ. ਸਰਵਣ ਸਿੰਘ ਨਾਮਧਾਰੀ ਨਹੀਂ ਸੀ। ਆਪ ਦੇ ਨਾਨਾ ਸ. ਮੰਨਾ ਸਿੰਘ ਵਾਸੀ ਬੁਰਜ ਥਰੋੜ ਦਾ ਪਰਿਵਾਰ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਨਾਮਧਾਰੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਦੇ ਵੱਡੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਦਾ ਪਹਿਲਾ ਅਨੰਦ ਕਾਰਜ, ਸ. ਊਧਮ ਸਿੰਘ ਕਾਲੂਵਾਹਰ (ਹੁਸ਼ਿਆਰਪੁਰ) ਦੀ ਸਪੁੱਤਰੀ, ਬੀਬੀ ਰਾਜਿੰਦਰ ਕੌਰ ਜੀ ਨਾਲ ਹੋਇਆ ਸੀ । ਇਹ ਬੀਬੀ ਜੀ ਛੇਤੀ ਹੀ ਹੁਕਮ ਸੱਤ ਹੋ ਗਏ ਸਨ। ਇਸ ਲਈ ਬਾਬਾ ਜੀ ਦੇ ਦੂਸਰੇ ਆਨੰਦ ਕਾਰਜ ਵਾਸਤੇ ਸੂਬਾ ਇੰਦਰ ਸਿੰਘ ਰੋਡਿਆਂ ਵਾਲੇ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਪਹੁੰਚ ਕੀਤੀ।

1945 ਈ. ਵਿੱਚ ਆਪਣੀ ਮਾਤਾ ਦੇ ਮਾਮਾ ਜੀ, ਸੂਬਾ ਇੰਦਰ ਸਿੰਘ ਜੀ ਨਾਲ, ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਦੇ ਦਿਨਾਂ ਵਿੱਚ ਆਏ ਸਨ। ਭੈਣੀ ਸਾਹਿਬ ਆ ਕੇ 'ਕਰਤਾਰ ਕੌਰ' ਨੇ ਜਪ ਪ੍ਰਯੋਗ ਦੇ ਦਿਨਾਂ ਵਿੱਚ ਸੇਵਾ ਕੀਤੀ। ਸੂਬਾ ਇੰਦਰ ਸਿੰਘ ਦੀ ਅਰਜ਼ ਪ੍ਰਵਾਨ ਹੋ ਗਈ। ਬਾਬਾ ਜਗਜੀਤ ਸਿੰਘ ਜੀ ਨਾਲ ਬੀਬੀ ਕਰਤਾਰ ਕੌਰ ਜੀ ਦਾ ਆਨੰਦ ਕਾਰਜ ਕਰਨ ਲਈ ਸੂਬਾ ਜੀ ਨੇ ਆਪਣੇ ਪਿੰਡ ਰੋਡੇ, ਵਿੱਚ ਬਸੰਤ ਪੰਚਮੀ 'ਤੇ ਮੇਲਾ ਕਰਵਾਇਆ। ਸਾਰੀ ਰਾਤ ਕੀਰਤਨ ਹੋਇਆ। ਪੰਡਾਲ ਪਿੰਡੋਂ ਬਾਹਰ ਸੀ।19 ਮਾਘ 2002 ਬਿ: ਮੁਤਾਬਿਕ ਜਨਵਰੀ 1946 ਈ. ਨੂੰ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ, ਬਾਬਾ ਜਗਜੀਤ ਸਿੰਘ ਅਤੇ ਬੀਬੀ ਕਰਤਾਰ ਕੌਰ ਦਾ ਆਨੰਦ ਕਾਰਜ ਹੋਇਆ। ਸੰਤ ਪ੍ਰੀਤਮ ਸਿੰਘ ਚੇਲੇਕਿਆਂ ਵਾਲਿਆਂ ਜੋੜੀ ਨੂੰ ਅੰਮ੍ਰਿਤ ਛਕਾਇਆ। ਸੰਤ ਰਲਾ ਸਿੰਘ ਜੀ ਨੇ ਭਜਨ ਦੱਸਿਆ। ਅਨੰਦ ਕਾਰਜ ਤੋਂ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਆਏ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦਾ ਨਾਮ ਬਦਲ ਕੇ ਚੰਦ ਕੌਰ ਕਰ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਸੁਯੋਗ ਨੂੰਹ ਨੂੰ ਹੁਕਮ ਕੀਤਾ, "ਬੀਬੀ ਗੁਰੂ ਘਰ ਦੀ ਸੇਵਾ ਕਰੋ।" ਹੁਕਮ ਅਨੁਸਾਰ ਪ੍ਰਸ਼ਾਦੇ ਪਕਾਉਣੇ, ਝਾੜੂ ਦੇਣਾ, ਦਾਣੇ ਛੱਟਣੇ, ਕੱਚੇ ਕੋਠੇ ਲਿੰਬਣੇ, ਟੋਕਰੀ ਸਿਰ ਤੇ ਚੁੱਕ ਕੇ ਮਿੱਟੀ ਸੁੱਟਣੀ, ਦੁੱਧ ਰਿੜਕਣਾ, ਧਾਰ ਕੱਢਣੀ ਇਤਿਆਦਿਕ ਸੇਵਾਵਾਂ ਸ਼ੁਰੂ ਕਰ ਦਿੱਤੀਆਂ।

1947 ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ ਤੋਂ ਉੱਜੜ ਕੇ ਹਿੰਦੂ-ਸਿੱਖ ਪੂਰਬੀ ਪੰਜਾਬ ਵਿੱਚ ਆਏ ਅਤੇ ਮੁਸਲਮਾਨ ਉਧਰ ਚਲੇ ਗਏ । ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ ਹੋਰਨਾਂ ਮਾਈਆਂ ਬੀਬੀਆਂ ਨੂੰ ਲੈ ਕੇ

ਮਾਤਾ ਜੀ ਨੇ ਲੰਗਰ ਤਿਆਰ ਕਰਨ ਅਤੇ ਪ੍ਰਸ਼ਾਦੇ ਪਕਾਉਣ ਦੀ ਵੱਡੀ ਸੇਵਾ ਨਿਭਾਈ। ਗੁਰੂ ਕੇ ਲੰਗਰ ਦੀ ਸੇਵਾ ਤਾਂ ਆਪ ਜੀ ਦੇ ਰੋਮ-ਰੋਮ ਵਿੱਚ ਰਚੀ ਹੋਈ ਸੀ। ਪੂਰੇ ਸੱਤਰ ਸਾਲ ਸ੍ਰੀ ਭੈਣੀ ਸਾਹਿਬ ਲੋਹ ਲੰਗਰ ਵਿੱਚ ਲਾ ਗਏ। ਆਪ ਹੁਕਮ ਅਨੁਸਾਰ ਕਦੇ ਜੀਵਨ ਨਗਰ ਕਦੇ ਭੈਣੀ ਸਾਹਿਬ ਸੇਵਾ ਕਾਰਜ ਨਿਭਾਉਂਦੇ ਸਨ। ਅਕਤੂਬਰ 1951 ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਬੀਰ ਸਿੰਘ ਜੀ ਦਾ ਆਨੰਦ ਕਾਰਜ ਬੱਪੀਆਣਾ (ਮਾਨਸਾ) ਦੇ ਸ. ਨਰਾਇਣ ਸਿੰਘ ਦੀ ਪੁੱਤਰੀ ਬੀਬੀ ਦਲੀਪ ਕੌਰ ਨਾਲ ਹੋ ਗਿਆ ਸੀ। ਜਿਨ੍ਹਾਂ ਦੇ ਗ੍ਰਹਿ ਵਿਖੇ 20 ਜੁਲਾਈ 1958 ਈ. ਨੂੰ ਹਾਜ਼ਰਾ ਹਜ਼ੂਰ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ । ਮਾਤਾ ਚੰਦ ਕੌਰ ਜੀ ਨੇ ਆਪਣੇ ਗ੍ਰਹਿਸਤ ਜੀਵਨ ਦੇ ਪਹਿਲੇ ਤੇਰਾਂ ਵਰ੍ਹੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨੂੰਹ ਦੇ ਰੂਪ ਵਿੱਚ ਸੇਵਾ ਕਰਦਿਆਂ ਬਿਤਾਏ।

22 ਅਗਸਤ 1959 ਈ. ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ-ਜੋਤ ਸਮਾ ਗਏ। ਉਹਨਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਮਾਤਾ ਚੰਦ ਕੌਰ ਜੀ ਨੇ ਸੇਵਾ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰ ਦਿੱਤਾ। ਲੰਗਰ, ਹਰੀ ਮੰਦਰ, ਜਗਜੀਤ ਮੰਦਰ, ਰਾਮ ਮੰਦਰ, ਰਾਮਸਰ ਸਰੋਵਰ, ਇਤਿਆਦਿਕ ਇਤਹਾਸਿਕ ਅਸਥਾਨਾਂ ਦੀ ਤਿਆਰੀ ਸਮੇਂ ਆਪ ਨੇ ਸੇਵਾ ਕੀਤੀ। ਜੀਵਨ ਨਗਰ, ਮਸਤਾਨਗੜ ਆਦਿ ਦੀ ਉਸਾਰੀ ਸਮੇਂ ਵੀ ਆਪ ਨੇ ਸੇਵਾ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਤਾ ਜੀ ਨੂੰ ਆਦੇਸ਼ ਦੇ ਕੇ ਮੰਡੀ ਵਿੱਚ ਬਿਆਸ ਦਰਿਆ ਦੇ ਕਿਨਾਰੇ ਇੱਕ ਕੋਠੀ ਤਿਆਰ ਕਰਵਾਈ। ਘੱਗਰ ਨਾਲੀ ਦਾ ਬੰਨ੍ਹ 1964-65 ਵਿੱਚ ਬੱਝਿਆ ਸੀ। ਇਸ ਤੋਂ ਤੁਰੰਤ ਬਾਅਦ ਇਹ ਕਾਰਜ 1967-68 ਵਿੱਚ ਸ਼ੁਰੂ ਹੋਇਆ। ਇਸ ਸਮੇਂ ਵੀ ਮਾਤਾ ਜੀ ਸੇਵਾ ਵਿੱਚ ਹਾਜ਼ਰ ਸਨ।

2010 ਵਿੱਚ ਘੱਗਰ ਦੇ ਹੜ੍ਹ ਨੇ ਨਾਲੀ ਦੇ ਉੱਤਰੀ ਪਾਸੇ ਕਹਿਰ ਮਚਾਇਆ। ਮਾਤਾ ਜੀ ਨੇ ਸਤਿਗੁਰੂ ਜੀ ਦੇ ਹੁਕਮ ਤੇ ਅਗਸਤ ਵਿੱਚ ਹੜ੍ਹ ਮਾਰੇ ਪਿੰਡਾਂ ਦਾ ਦੌਰਾ ਕੀਤਾ। ਨਾਮਧਾਰੀ ਅਤੇ ਗੈਰ-ਨਾਮਧਾਰੀ ਦੇ ਵਿਤਕਰੇ ਬਿਨਾਂ ਲੋੜਵੰਦਾਂ ਲਈ ਅਨਾਜ, ਤੂੜੀ, ਪੱਠਾ ਅਤੇ ਮਾਇਆ ਦੀ ਵੀ ਮੱਦਦ

ਕੀਤੀ। ਇਸ ਤਰ੍ਹਾਂ ਹੀ 1988 ਵਿੱਚ ਸ੍ਰੀ ਭੈਣੀ ਸਾਹਿਬ ਦੇ ਆਸ-ਪਾਸ ਸਤਲੁਜ ਦੇ ਹੜ੍ਹਾਂ ਵੇਲੇ, ਉਹ ਲੋੜਵੰਦਾਂ ਦੇ ਅਬੋਲ ਸਹਾਇਕ ਬਣਦੇ ਰਹੇ।

ਮਾਤਾ ਜੀ ਦੇ ਉਸਾਰੀ ਕਾਰਜਾਂ ਦਾ ਤਾਂ ਬੇਅੰਤ ਲੇਖਾ ਹੈ । ਮਾਤਾ ਜੀ ਦੇ ਯਤਨਾਂ ਸਦਕਾ ਨਕਸ਼ਿਆਂ ਮੁਤਾਬਿਕ ਗਊਸ਼ਾਲਾ, ਮਾਈਆਂ ਦਾ ਡੇਰਾ, ਨਵਾਂ ਸਟੋਰ, ਵਰਨੀ ਅਸਥਾਨ, ਕੋਠੀ, ਕਮਰੇ ਤੇ ਹੋਰ ਸੰਬੰਧਿਤ ਅਸਥਾਨ ਵਜੂਦ ਵਿੱਚ ਆ ਗਏ । ਸੰਮਤ 2038 ਮੁਤਾਬਿਕ 1981 ਈ. ਦਾ ਜੱਪ-ਪ੍ਰਯੋਗ ਮੇਲਾ ਮਾਈਆਂ ਨੇ ਸਤਿਗੁਰੂ ਜੀ ਤੋਂ ਮੰਗਿਆ ਸੀ, ਇਸ ਨੂੰ ਸਿਰੇ ਚੜ੍ਹਾਉਣ ਲਈ ਸਤਿਗੁਰੂ ਜੀ ਦੇ ਹੁਕਮ ਤੇ ਮਾਤਾ ਜੀ ਸ. ਜਸਵੰਤ ਸਿੰਘ ਕੱਲਾ ਹੋਰਾਂ ਨੂੰ ਨਾਲ ਲੈ ਕੇ, ਦਿਨ ਰਾਤ ਲੋੜੀਂਦੇ ਕਾਰਜਾਂ ਵਿੱਚ ਜੁੱਟ ਗਏ। ਜਦੋਂ ਮਸਤਾਨਗੜ੍ਹ ਦੀ ਉਸਾਰੀ ਸ਼ੁਰੂ ਹੋਈ ਤਾਂ ਬੀਬੀ ਗੁਰਨਾਮ ਕੌਰ ਨੇ ਅਰਜ਼ ਕੀਤੀ ਕਿ ਮਾਤਾ ਜੀ ਕੰਮ ਤਾਂ ਸ਼ੁਰੂ ਕਰਨ ਲੱਗੇ ਹਾਂ, ਸਾਧ ਸੰਗਤ ਲਈ ਦੁੱਧ ਕਿਥੋਂ ਆਵੇਗਾ? ਮਾਤਾ ਜੀ ਨੇ ਸੁਭਾਵਿਕ ਬਚਨ ਕੀਤਾ, "ਗੁਰਨਾਮ, ਸਤਿਗੁਰੂ ਜੀ ਇਨੀ ਬਖਸ਼ਿਸ਼ ਕਰਨਗੇ ਕਿ ਦੁੱਧ ਸਾਂਭਿਆ ਨਹੀਂ ਜਾਣਾ।" ਕੁੱਝ ਹੀ ਦਿਨ ਬੀਤੇ ਕਿ 20 ਕਿਲੋ ਰੋਜ਼ਾਨਾ ਦੁੱਧ ਦੇਣ ਵਾਲੀ ਮੱਝ ਆ ਗਈ।

ਮਾਤਾ ਜੀ ਆਪਣੇ ਭਵਿੱਖ ਪ੍ਰਤੀ ਕਦੇ ਵੀ ਚਿੰਤਾਤੁਰ ਨਹੀਂ ਹੁੰਦੇ ਸਨ । ਮਾਤਾ ਜੀ ਦੇ ਇਰਾਦੇ ਦ੍ਰਿੜ ਸਨ । ਕੰਮ ਦੀਆਂ ਸ਼ਿਫਟਾਂ ਬਦਲਣ ਸਮੇਂ ਸੇਵਾਦਾਰਾਂ ਦੀਆਂ ਸ਼ਿਫ਼ਟਾਂ ਬਦਲ ਜਾਂਦੀਆਂ ਸਨ ਪਰ ਮਾਤਾ ਜੀ ਦੀ ਸ਼ਿਫ਼ਟ ਨਹੀਂ ਸੀ ਬਦਲਦੀ। 1984 ਵਿੱਚ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ ਸਮੇਤ ਕਈ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਹਿੰਸਾ, ਸਾੜ-ਫੂਕ, ਲੁੱਟ-ਮਾਰ ਹੋਈ। ਬਹੁਤ ਸਾਰੀ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਆ ਗਈ। ਸਤਿਗੁਰੂ ਜੀ ਨੇ ਉਹਨਾਂ ਨੂੰ ਆਪਣੇ ਪਰਿਵਾਰ ਦੇ ਜੀਆਂ ਵਾਂਗ ਗਲੇ ਲਾਇਆ। ਮਾਤਾ ਜੀ ਨੇ ਹਰ ਤਰ੍ਹਾਂ ਨਾਲ ਉਹਨਾਂ ਦੀ ਦੇਖ-ਭਾਲ ਕੀਤੀ, ਦਵਾ-ਦਾਰੂ ਕਰਵਾਈ, ਭੈਣੀ ਸਾਹਿਬ ਦੇ ਸਾਰੇ ਕਮਰੇ ਖਾਲੀ ਕਰਵਾਕੇ ਉਹਨਾਂ ਦੇ ਹਵਾਲੇ ਕਰਕੇ ਲੰਗਰ, ਲੀੜਾ, ਕੱਪੜਾ ਆਦਿ ਦਿੱਤਾ।

1998 ਈ. ਵਿੱਚ ਖੰਨੇ ਦੇ ਨੇੜੇ 'ਕੌੜੀ' ਪਿੰਡ ਪਾਸ ਭਿਆਨਕ ਰੇਲ ਹਾਦਸਾ ਵਾਪਰਿਆ। ਜਿੱਥੇ ਦੋ ਟਰੇਨਾਂ ਆਹਮੋ-ਸਾਹਮਣੇ ਭਿੜੀਆਂ ਸਨ ।

ਇਸ ਸਮੇਂ ਮਾਤਾ ਜੀ ਵੱਲੋਂ ਪੀੜਤਾਂ ਦੀ ਮਲ੍ਹਮ-ਪੱਟੀ, ਕੱਪੜੇ ਅਤੇ ਲੰਗਰ ਛਕਾ ਕੇ ਸੇਵਾ ਕੀਤੀ ਗਈ । ਬਿਰਧਸ਼ਾਲਾ ਦੇ ਬਿਰਧਾਂ ਲਈ ਫ਼ਲ-ਫਰੂਟ ਅਤੇ ਸਿਆਲ ਵਿੱਚ ਅਲਸੀ ਵਗੈਰਾ ਮੁੱਕਣ ਨਾ ਦਿੰਦੇ। ਜਦੋਂ ਕੋਈ ਵਿਅਕਤੀ ਪਰੇਸ਼ਾਨ ਹੋ ਕੇ ਆਪਣੀ ਪਰੇਸ਼ਾਨੀ ਬਾਰੇ ਦੱਸਦਾ ਤਾਂ ਮਾਤਾ ਜੀ ਦਾ ਜੁਆਬ ਹੁੰਦਾ, "ਭਾਈ ਮੈਂ ਜਦੋਂ ਵੀ ਕਦੇ ਪਰੇਸ਼ਾਨ ਹੋਵਾਂ, ਮੈਂ ਤਾਂ ਸੇਵਾ ਕਰਨ ਲੱਗ ਜਾਂਦੀ ਹਾਂ, ਪਰੇਸ਼ਾਨੀ ਆਪੇ ਭੱਜ ਜਾਂਦੀ ਹੈ, ਗੁਰੂ ਘਰ ਵਿੱਚ ਜੋ ਸੇਵਾ ਦੇ ਪ੍ਰਤੀਮਾਨ ਆਪ ਦੇ ਪੂਰਵਜਾਂ ਵਿਸ਼ੇਸ਼ਕਰ ਮਾਤਾ ਜੀਵਨ ਕੌਰ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਨੇ ਸਿਰਜੇ ਸਨ। ਮਾਤਾ ਜੀ ਉਹਨਾਂ ਉੱਤੇ ਖਰੇ ਉੱਤਰੇ।

ਮਾਤਾ ਜੀ ਨੂੰ ਬੁਖਾਰ ਰਿਹਾ ਕਰੇ । ਡਾਕਟਰਾਂ ਨੇ ਕਿਹਾ, "ਕੁੱਝ ਸਮੇਂ ਲਈ ਆਪ ਮੁਕੰਮਲ ਆਰਾਮ ਕਰੋ।" ਪਰ ਅਰਾਮ ਕਰਨਾ ਆਪ ਦੇ ਸੁਭਾਓ ਦਾ ਹਿੱਸਾ ਨਹੀਂ ਸੀ । ਸੇਵਾ ਤੇ ਜਾ ਲੱਗੇ। ਪੁੱਛਣ ਵਾਲਿਆਂ ਨੂੰ ਕਹਿੰਦੇ, "ਮੈਂ ਸੇਵਾ ਕਰਦੀ ਹੀ ਠੀਕ ਰਹਿੰਦੀ ਹਾਂ।" ਸੇਵਾ, ਸਿਮਰਨ, ਤਿਆਗ ਅਤੇ ਬਲੀਦਾਨ ਦੀ ਮੂਰਤ ਦੇ ਰੂਪ ਵਿੱਚ, ਜਗਤ ਮਾਤਾ ਚੰਦ ਕੌਰ ਜੀ ਹਮੇਸ਼ਾ ਜਾਣੇ ਜਾਂਦੇ ਰਹਿਣਗੇ।

ਸੁਵਰਨ ਸਿੰਘ ਵਿਰਕ